ਸਾਡਾ ਸਾਹਿਤ ਸਾਡੀ ਸ਼ਾਨ, ਸਾਡਾ ਸੱਭਿਆਚਾਰ ਸਾਡੀ ਪਹਿਚਾਣ


# ਅਦਬੀ ਵਿਰਾਸਤ

## ਮੈਗਜ਼ੀਨ

ਕਲਮ ਦੇ ਸਿਰੇ ਤੋਂ
ਸੱਭਿਆਚਾਰ ਦੀ ਰੌਸ਼ਨੀ ਤੱਕ

ਪ੍ਰਬੰਧਕੀ ਸੰਪਾਦਕ
ਅਮਰਜੀਤ ਸਿੰਘ ਦਸੂਹਾ

ਮੁੱਖ ਸੰਪਾਦਕ
ਭੁਪਿੰਦਰ ਸਿੰਘ ਰਾਜਾ



ਕਹਾਣੀਕਾਰ
## ਲਾਲ ਸਿੰਘ ਦਸੂਹਾ

ਸਾਹਿਤ ਤੇ ਸੱਭਿਆਚਾਰ ਦੇ ਅਣਮੁੱਲੇ ਸਫਰ ਦੇ ਸਿਰਜਣਹਾਰ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ( ਰਜਿ.) ਪੰਜਾਬ

E-mail : adbivirsat@gmail.Com
whatsapp :- 8968933711, 98720 79212

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ( ਰਜਿ.) ਪੰਜਾਬ

ਹਫ਼ਤਾਵਰੀ ਮੈਗਜ਼ੀਨ

# ਅਦਬੀ ਵਿਰਾਸਤ

ਸਾਹਿਤ ਸਾਡੀ ਵਿਰਾਸਤ... ਕਲਮ ਸਾਡੀ ਪਹਿਚਾਣ

ਸਥਾਪਨਾ ਦਸੂਹਾ । 1 ਜੂਨ 2026 , ਦਿਨ ਐਤਵਾਰ । ਨਾਨਕਸ਼ਾਹੀ ਸੰਮਤ 17 ਜੇਠ 558 । E-mail adbivirsat@gmail.Com । ਮੋਬਾਇਲ 89689 33711 , 98720 79212 ।

## ਪੰਜਾਬੀ

ਮੇਰੀ ਮਾਂ ਪੰਜਾਬੀ ਦੇ,ਸ਼ਹਿਦੋਂ ਮਿੱਠੜੇ ਬੋਲ,
ਪੈਰ ਵਿੱਚ ਹੁਣ ਬੇੜੀਆਂ,ਪੁੱਤਰਾਂ ਦਿੱਤਾ ਰੋਲ ,
ਇਹ ਬੋਲੀ ਪੰਜ ਆਬ ਦੀ,ਇਸਦੇ ਅੱਖਾਂ 'ਚ ਸੋਜ਼,
ਮੂੰਹ ਵਿੱਚ ਤਾਲੇ ਜੜ੍ਹ ਕੇ,ਸੰਘ ਵਿੱਚ ਘੁਟੇ ਬੋਲ,
ਇਹ ਮਿੱਟੀ ਮੁੜਕੇ ਜਨਮੀ,ਕਿਰਤੀ ਕਾਮਿਆਂ ਕੋਲ,
ਭੁੱਖੀ ਕੁੱਖ ਵਿਚ ਪਲੀ ਆਂ,ਸੁਣ ਸ਼ੱਕਰ ਮਿਠੇ ਬੋਲ,
ਝੂਲਗੀ ਵਿੱਚ ਇਹ ਤ੍ਰਿਝਣਾਂ,ਕੂਕ ਚਰਖੇ ਦੇ ਬੋਲ ,
ਖੜ੍ਹਕੀ ਬਲਦੀ ਟੱਲੀਆਂ,ਹਵਾਂ 'ਚ ਸੁਗੰਧਾਂ ਘੋਲ,
ਅੱਖਰ ਸ਼ਬਦ ਸਾਂਭਣ ਲਈ,ਸਿਰ ਝਖੜ ਝੱਲੇ ਰੋਜ਼,
ਮੋਰਾਂ ਹਲਟੀ ਪੈਲੀਆਂ,ਨਾਲ ਟਿਢਿਆਂ ਦੇ ਬੋਲ,
ਇਹ ਜੰਗ ਯੁੱਧੀ ਜੁਝਗੀ , ਤਾਣ ਨਗਾਰੇ ਚ ਬੋਲ,
ਤੇਗਾਂ ਰਣ ਵਿਚ ਗੱਜੀਆਂ ,ਹੁਕਮੀ ਇਲਾਹੀ ਬੋਲ,
ਘੁੰਮਦੀ ਸੱਤ ਪਾਣੀਆਂ,ਨਾਲ ਸੰਗੀਤਕ ਬੋਲ,
ਨਾ ਚਾਚੀ ਨ ਮਾਸੀ ਬਣੀ ,ਖੁੱਦੋਂ ਖਿੱਲਰੇ ਬੋਲ,
ਹੁਣ ਜੁਸਾ ਲਹੂ ਲੁਹਾਦੜਾ,ਪਾਉਣ ਕਾਲਜੇ ਹੌਲ,
ਧੱਕੇ ਮਾਰਦੇ ਦਫ਼ਤਰੋਂ, ਘੁੱਟ ਤੇ ਸੰਘੀ ਬੋਲ,
"ਅਮਰ" ਚੀਕੇ ਹੁਣ ਸਾਂਭ ਲਓ,ਪਾਕ ਜਜ਼ਬੇ ਦੀ ਖੋਰ,
ਮਾਂ ਪੰਜਾਬੀਓ ਸਾਂਭ ਲਓ,ਦਾਨਸ਼ਮੰਦ ਦੇ ਬੋਲ ,



ਲੇਖਕ
ਸ. ਅਮਰਜੀਤ ਦਸੂਹਾ
89689- 33711

## ਆਪਣਾ ਵਿਰਸਾ

ਕੰਮ ਪੁਰਾਣੇ ਪਿੰਡਾਂ ਵਾਲ਼ੇ,
ਦੱਸੋ ਕਿਸਨੂੰ ਯਾਦ ਨੇ ਹਾਲੇ ।
ਮੰਜਾ ਕਿੱਦਾਂ ਬੁਣ ਹੁੰਦਾ ਸੀ,
ਘਿਓ ਫੁਕਾਂ ਨਾਲ਼ ਪੁਣ ਹੁੰਦਾ ਸੀ।
ਇਕੱਠਿਆਂ ਲਿੱਪਣੇ ਕੱਚੇ ਵਿਹੜੇ ,
ਕੋਠੜੀਆਂ ਵਿੱਚ ਦਾਣੇ ਜਿਹੜੇ।
ਝੋਆਂਖੇਰਿਆਂ ਦਾ ਝਾੜੂ ਬਣਾਉਣਾ,
ਵਿਹੜੇ ਵਿੱਚ ਪਾਣੀ ਛੜਕਾਉਣਾ।
ਖੌਰੇ ਉਸਦਾ ਨਾ ਕੀ ਲੈਂਦੇ ?
ਦੱਸੋ ਅੱਲਣ ਕਿਸਨੂੰ ਕਹਿੰਦੇ?
ਲੱਸੀ ਬਣਦੀ ਚਾਟੀ ਦੇ ਵਿੱਚ,
ਚਾਹ ਪੀਂਦੇ ਸੀ ਬਾਟੀ ਦੇ ਵਿੱਚ।
ਕੂੰਡੇ ਦੇ ਵਿੱਚ ਮਿਰਚਾਂ ਕੁੱਟਣਾ,
ਗੋਹਾ ਕੂੜਾ ਢੇਰ ਤੇ ਸੁੱਟਣਾ।
ਤੂੜੀ ਦੇ ਨਾਲ ਢੇਰ ਲਗਾਕੇ,
ਮੱਖ ਭਜਾਉਣਾ ਧੂੰਆਂ ਪਾਕੇ।
ਧੂੜਾ ਪਾਕੇ ਧਾਰਾਂ ਚੋਣਾਂ ,
ਮੱਝ ਦੇ ਸਿਰ ਤੇ ਹੱਥ ਘੁਮਾਉਣਾ।
ਚੋਈਆਂ ਵਿਚੋਂ ਨੜੇ ਲਿਆਉਣਾ,
ਟਿੱਟਾ ਛੰਨਾ ਲਈ ਬਣਾਉਣਾ।
ਸਿਰ ਤੇ ਚੁੱਕ ਕੇ ਪੰਡ ਪੱਠਿਆਂ ਦੀ,
ਦੂਰੋਂ ਦੂਰੋਂ ਲੈਕੇ ਆਉਣਾ।
ਬਚਪਨ ਦੇ ਵਿੱਚ ਇਕੱਠਿਆਂ ਹੋ ਕੇ,
ਮੀਂਹ ਵਿੱਚ 'ਰਾਜੇ' ਕਿਵੇਂ ਨਹਾਉਣਾ।
ਜਿਉਂ ਜਿਉਂ ਬੰਦਾ ਨਿੱਖਰੀ ਜਾਵੇ,
ਆਪਣਾ ਵਿਰਸਾ ਬਿਸਰੀ ਜਾਵੇ।



ਲੇਖਕ
ਭੁਪਿੰਦਰ ਸਿੰਘ ਰਾਜਾ
98720 79212

## ਚੋਣਾਂ

ਛਿਲੜਾਂ ਦੇ ਵੱਟੇ ਵਿਕਦੀ, ਜਮੀਰ ਦੇਖੀ ਜਾਏਗੀ
ਆਉਣ ਵਾਲੇ ਕੱਲ ਦੀ, ਤਸਵੀਰ ਦੇਖੀ ਜਾਏਗੀ
ਵਾਅਦਾ-ਖ਼ਿਲਾਫ਼ੀ ਝੜੀ,ਵਾਅਦਿਆਂ ਦੀ ਲਾਉਣਗੇ
ਵਾਅਦਿਆਂ ਦੀ ਹੁੰਦੀ,ਅਖੀਰ ਦੇਖੀ ਜਾਏਗੀ
ਚਿੱਟੇ ਚੋਲ਼ੇ ਪਾਈ,ਹੱਥ ਜੋੜ ਖੜੇ ਨੇ
ਵੱਡਿਆਂ ਸਵਾਲੀਆਂ ਦੀ,ਭੀੜ ਦੇਖੀ ਜਾਏਗੀ
ਮੁਫ਼ਤ ਚ ਬੋਟੀਆਂ ਪਾ,ਆਲਸੀ ਬਣਾਉਣਗੇ
ਗਲ੍ਹ ਸ਼ੇਰਾਂ ਦੇ ਪੈਂਦੀ, ਜੰਜੀਰ ਦੇਖੀ ਜਾਏਗੀ
ਰੱਬ ਨੂੰ ਵੀ ਵੰਡ ਰਹੇ,ਜੱਗ ਨੂੰ ਵੀ ਵੰਡ ਰਹੇ
ਇਨਸਾਨੀਅਤ 'ਚ ਖਿੱਚਦੀ, ਲਕੀਰ ਦੇਖੀ ਜਾਏਗੀ
ਇੱਕ ਮੌਕਾ ਹੋਰ ਦਿਓ ,ਰਾਗ ਨਿਤ ਅਲਾਪਦੇ
ਇੱਕ-ਇੱਕ ਕਰ ਸੜਦੀ ਤਕਦੀਰ ਦੇਖੀ ਜਾਏਗੀ
ਪਿੱਛਲੇ ਪੰਜ ਭੁੱਲ ਕੇ ਅਗਲੇ ਪੰਜ ਲਈ ਤਿਆਰ ਰਹਿਓ
ਕਿਸਮਤ ਪੰਜਾਬ ਦੀ ਹੁੰਦੀ ਲੀਰੋ ਲੀਰ ਦੇਖੀ ਜਾਏਗੀ

ਲੇਖਕ
ਗੁਰਿੰਦਰ ਸਫ਼ਰੀ

## ਕਲਯੁਗ ਦਾ ਚਮਤਕਾਰ

ਇੱਥੇ ਸਾਊਆਂ ਨੂੰ ਕੌਣ ਪੁੱਛਦਾ,
ਇੱਥੇ ਗੁਣਾਂ ਨੂੰ ਕੌਣ ਪੁੱਛਦਾ।
ਇੱਥੇ ਪਾੜ੍ਹਿਆਂ ਨੂੰ ਕੌਣ ਪੁੱਛਦਾ,
ਇੱਥੇ ਡਿਗਰੀਆਂ ਨੂੰ ਕੌਣ ਪੁੱਛਦਾ।
ਬਣ ਜਾਓ ਬਾਬੇ,
ਕਰੋ ਖਰਾਬੇ।
ਅੱਠ ਦਸ ਰੱਖ ਲਓ ਚੇਲੇ,
ਦੇਖੋ ਕਿੰਝ ਫਿਰ ਲੱਗਦੇ ਮੇਲੇ।
ਪੜ੍ਹੋ ਧਾਰਨਾ -, ਮੈਨੂੰ ਤਾਰ ਲਓ ਜੀ
ਹਾਂ ਪਾਪੀ ਵੱਡ ਗੁਨਾਹਗਾਰ।
ਫੇਰ ਦੇਖੋ ਤੁਹਾਡੇ ਪਿੱਛੇ ਪਿੱਛੇ,
ਘੁੰਮਦੀ ਮੌਕੇ ਦੀ ਸਰਕਾਰ।
ਫੇਰ ਹੋਵੇਗੀ 'ਸਹਿਜ' ਸਰਕਾਰੇ ਦਰਬਾਰੇ,
ਤੁਹਾਡੀ ਹੀ ਜੈ ਜੈ ਕਾਰ।
ਫੇਰ ਦੇਖੋ ਕਿਵੇਂ ਮਾਇਆ ਹੁੰਦੀ ਇਕੱਠੀ,
ਸਾਰੀ ਦੁਨੀਆਂ ਫਿਰੇਗੀ ਤੁਹਾਡੇ ਪਿੱਛੇ ਨੱਠੀ।
ਧੰਨ ਨਿਰੰਕਾਰ , ਧੰਨ ਨਿਰੰਕਾਰ ,
ਇਹ ਹੈ ਕਲਯੁਗ ਦਾ ਚਮਤਕਾਰ।
ਹਰ ਪਾਸੇ ਪਾਖੰਡੀ ਬਾਬਿਆਂ ਦੀ ਜੈ ਜੈ ਕਾਰ।



ਲੇਖਕ
ਡਾ. ਹਰਮਿੰਦਰ ਸਿੰਘ ਸਹਿਜ
97819 93037

## ਬਾਪੂ

ਹੱਕ ਨਾਲ ਮੈਂ ਮੰਗ ਲੈਂਦਾ ਹਾਂ
ਬਾਪੂ ਮੈਨੂੰ ਨਾਹ ਨਹੀਂ ਕਰਦਾ

ਦੁਨੀਆ ਅੰਦਰ ਬਾਦਸ਼ਾਹ ਬੰਦਾ
ਏਸੇ ਕਰਕੇ ਨਾਹ ਨਹੀਂ ਕਰਦਾ

ਬੋਝੇ ਓਹਦੇ ਹਰ ਸ਼ੈਅ ਹੁੰਦੀ
ਕਾਣੀ ਵੰਡ ਗੁਨਾਹ ਨਹੀਂ ਕਰਦਾ

ਖੁਸ਼ੀਆਂ ਘੇਰ ਕੇ ਲੈ ਆਉਂਦਾ ਏ
ਸੁਪਨਾ ਕੋਈ ਫਨਾਹ ਨਹੀਂ ਕਰਦਾ

ਓਹਦਾ ਰੁਤਬਾ ਰੱਬ ਦਾ ਰੁਤਬਾ
ਧੱਕਾ ਮਾਰ ਪਛਾਹ ਨਹੀਂ ਕਰਦਾ

ਲੇਖਕ
ਅਮਰਜੀਤ ਸਿੰਘ ਖ਼ਾਕ
79865 79606

## ਕਾਗ਼ਜ਼ੀ ਸ਼ੇਰ

ਅਜਿਹੇ ਨੇ ਓਹ ਕਾਗਜ਼ੀ ਸ਼ੇਰ,
ਮਿੰਟ ਵਿੱਚ ਹੋ ਜਾਂਦੇ ਨੇ ਢੇਰ।
ਪਾਉਣਗੇ ਮਿੰਨਤਾਂ ਹੱਥ ਜੋੜ,
ਭੰਡੀ ਕਰਵਾਉਂਦੇ ਚਾਰ ਚੁਫੇਰ।
ਨਹੀਂ ਪਚਦੀ ਤਾਂ ਨਾ ਪੀਓ,
ਇਜ਼ੱਤ ਮਾਣ ਦੀ ਜ਼ਿੰਦਗੀ ਜੀਓ।
ਘਰ ਵਿੱਚ ਬੈਠੇ ਬੰਦਿਆਂ ਵਾਂਗ,
ਲੱਛਣਾ ਕਰਕੇ ਫੇਰ ਖਾਂਦੇ ਡਾਂਗ।
ਆਦਤਾਂ ਛੱਡ ਦਿਓ ਅਜਿਹੀਆਂ ਮਾੜੀਆਂ,
ਤੁਹਾਡੀ ਕਰਤੂਤ ਤੇ ਲੋਕ ਮਾਰਦੇ ਤਾੜੀਆਂ।
ਜਦ ਉਤਰੇ ਨਸ਼ਾ ਫੇਰ ਬਣਦੇ ਚੂਹੇ,
ਮਾਫੀਆਂ ਮੰਗਦੇ ਆਣ ਕੇ ਬੂਹੇ ।
ਪਹਿਲਾਂ ਹੀ ਅਕਲ ਤੋਂ ਸੋਚੋ,
ਆਪਣੇ ਕਰਮੀ ਨਾ ਫੱਟੀ ਪੋਚੋ।
ਮਨੁੱਖਾ ਜਨਮ ਬੜੀ ਮੁਸ਼ਕਿਲ ਮਿਲਿਆ,
ਮੁਰਝਾਇਆ ਫੁੱਲ ਕਦੇ ਫੇਰ ਨਾ ਖਿਲਿਆ।
ਸਮਾਜ 'ਚ ਚੰਗਾ ਰੁੱਤਬਾ ਬਣਾਓ,
ਜ਼ਰੂਰਤਮੰਦਾਂ ਦੇ ਕੰਮ ਤਾਂ ਆਓ ।
ਹੁਣ ਛੱਡ ਦੇ ਕਰਨੀ ਤੂੰ ਹੇਰ ਫੇਰ,
ਖੁਸ਼ੀਆਂ ਮਿਲਣੀਆਂ ਚਾਰ ਚੁਫੇਰ।
"ਪ੍ਰੀਤ" ਦੀ ਕਲਮ ਨੇ ਸੱਚ ਸੁਣਾਇਆ,
ਜਿਸਨੇ ਜੋ ਬਿਜਿਆ ਓਹੀ ਪਾਇਆ।
ਓਹਦੀ ਰਜ਼ਾ ਚ ਜੋ ਸਿਖ ਲਏ ਰਹਿਣਾ,
ਮਾਲਿਕ ਦੀ ਬੰਦਗੀ ਅਸਲੀ ਗਹਿਣਾ।



ਲੇਖਕ
ਗੁਰਪ੍ਰੀਤ ਪ੍ਰੀਤ ਹੈਪੀ ਸਹੋਤਾ
9855813187

## ਪੰਜ ਦਰਿਆ ਆਖਦੇ

ਛੇਵਾਂ ਨਸ਼ਿਆਂ ਦਾ ਵਗੇ ਦਰਿਆ, ਪੰਜੇ
ਦਰਿਆ ਆਖਦੇ
ਲਾਈ ਜਾਂਦਾ ਏ ਜਵਾਨੀਆਂ ਨੂੰ ਢਾਅ, ਪੰਜੇ
ਦਰਿਆ ਆਖਦੇ

ਨੰਨੇ ਮੁੰਨੇ ਬੱਚਿਆਂ ਦੇ ਗਲੇ ਕਿੰਨੇ ਘੁੱਟੇ ਨੇ
ਪਤਾ ਨਹੀਂਓਂ ਨਸ਼ੇ ਨੇ ਸੁਹਾਗ ਕਿੰਨੇ ਲੁੱਟੇ ਨੇ
ਸਾਨੂੰ ਨਸ਼ਿਆਂ ਤੋਂ ਮੁਕਤ ਕਰਾ, ਪੰਜੇ ਦਰਿਆ
ਆਖਦੇ
ਛੇਵਾਂ ਨਸ਼ਿਆਂ ਦਾ ਵਗੇ ਦਰਿਆ, ਪੰਜੇ
ਦਰਿਆ ਆਖਦੇ

ਰੁੜੇ ਜਾਂਦੇ ਆਪਣੇ ਬਚਾ ਲਓ ਪੰਜਾਬ ਨੂੰ
ਮਹਿਕ ਵਿਹੂਣਾ ਕਰ ਦਿਓ ਨਾ ਗੁਲਾਬ ਨੂੰ
ਕੋਈ ਰੋਕਣੇ ਦਾ ਲੱਭ ਲਓ ਰਾਹ, ਪੰਜੇ
ਦਰਿਆ ਆਖਦੇ
ਛੇਵਾਂ ਨਸ਼ਿਆਂ ਦਾ ਵਗੇ ਦਰਿਆ, ਪੰਜੇ
ਦਰਿਆ ਆਖਦੇ

ਸਤਲੁਜ ਰਾਵੀ ਬਿਆਸਾ ਜੇਹਲਮ ਚਨਾਬ ਦੇ
ਅੱਖੀਂ ਆ ਕੇ ਦੇਖ ਲੈ ਹਲਾਤ ਤੂੰ ਪੰਜਾਬ ਦੇ
ਰੱਬਾ ਇੱਕ ਵਾਰੀ ਫੇਰਾ ਆਕੇ ਪਾ, ਪੰਜੇ
ਦਰਿਆ ਆਖਦੇ
ਛੇਵਾਂ ਨਸ਼ਿਆਂ ਦਾ ਵਗੇ ਦਰਿਆ, ਪੰਜੇ
ਦਰਿਆ ਆਖਦੇ

ਗੁਰੂਆਂ ਦਾ ਦਿਤਾ ਉਪਦੇਸ਼ ਅਸੀਂ ਭੁੱਲ ਗਏ
ਕਾਹਤੋਂ ਜਸਵੀਰ ਅਸੀਂ ਨਸ਼ੇ ਉੱਤੇ ਡੁੱਲ ਗਏ
ਲਿਆ ਗੁਰੂਆਂ ਦਾ ਸੁਪਨਾ ਭੁਲਾ, ਪੰਜੇ
ਦਰਿਆ ਆਖਦੇ
ਛੇਵਾਂ ਨਸ਼ਿਆਂ ਦਾ ਵਗੇ ਦਰਿਆ, ਪੰਜੇ
ਦਰਿਆ ਆਖਦੇ

ਗੀਤਕਾਰ
ਜਸਵੀਰ ਕੁੱਲੀਆਂ ਵਾਲ਼ਾ
98766 86161

## ਫੋਟੋ ਮੇਰੀ

ਮੈ ਆਪਣਾ ਕੱਫਨ ਲੈ ਕੇ ਰੱਖ ਲਿਆ
ਬੋਝ ਦਿਲ ਤੋਂ ਲਾਹ ਕੇ ਰੱਖ ਲਿਆ,
ਝੂਠੇ ਕੀਰਨੇ,ਪਾਉਣ ਆਉਣਗੇ,
ਆਤਮਾ ਨੂੰ ਸਮਝਾ ਕੇ ਰੱਖ ਲਿਆ।

ਫੁੱਲ ਮੇਰੇ,ਜਦ ਲੈ ਕੇ ਜਾਣਗੇ,
ਵਿੱਚ ਸਫ਼ਰ ਦੇ ਹੱਸਦੇ ਜਾਣਗੇ।
ਚਾਹ ਦਾ ਕੱਪ ਜਦ ਪੀਣਗੇ,
ਆਜਾ ਆਜਾ ਕਰਦੇ ਜਾਣਗੇ।

ਭੋਗ ਦੀ ਰਲ ਤਿਆਰੀ ਕਰਨਗੇ,
ਖਰਚੇ ਦਾ ਹਿਸਾਬ ਵੀ ਕਰਨਗੇ
ਖਾਣ ਦੀਆਂ ਆਈਟਮਾਂ ਵੱਧ ਕਰਨਗੇ
ਜਲੇਬੀਆਂ ਦਾ ਪ੍ਰਬੰਧ ਵੀ ਕਰਨਗੇ।

ਫੋਟੋ ਮੇਰੀ ਜੋ ਭੋਗ ਤੇ ਰੱਖਣਗੇ
ਸਾਰੇ ਉਸ ਨੂੰ ਸਜਦਾ ਕਰਨਗੇ
ਲਿਜਾ ਕੇ ਕਿਸੇ ਕੰਧ ਟੰਗਣਗੇ
ਅੰਦਰੋਂ ਅੰਦਰ ਸਭ ਡਰਨਗੇ।

ਲੇਖਿਕਾ
ਬਲਵਿੰਦਰ ਕੌਰ ਲੋਗਾਣਾ
94649 28014



## ਮੇਰੀ ਮਾਂ

ਬਹੁਤ ਦਿਲ ਕਰਦਾ ਏ ਕਿ ਮਾਂ ਲਈ ਕੁੱਝ ਲਿਖਾਂ,
ਜਦ ਜਦ ਵੀ ਕਲਮ ਫੜੀ ਮਾਂ ਲਈ ਲਿਖਣ ਵਾਸਤੇ,
ਮੇਰੇ ਸ਼ਬਦਾਂ-ਲਫ਼ਜ਼ਾਂ ਵਾਲੇ ਖੀਸੇ ਵਿੱਚੋਂ
ਮੈਨੂੰ ਮਾਂ ਦੀ ਸ਼ਖ਼ਸੀਅਤ ਨੂੰ ਕਲਾਵੇ ਵਿੱਚ
ਲੈਣ ਯੋਗਾ ਇੱਕ ਵੀ ਸ਼ਬਦ ਨਹੀਂ ਮਿਲਿਆ।

ਮੇਰੇ ਸਾਰੇ ਸ਼ਬਦ ਮੇਰੀ ਮਾਂ ਦੇ ਕਿਰਦਾਰ ਮੂਹਰੇ
ਮੇਰੇ ਵਾਂਗੂੰ ਛੋਟੇ, ਨਿਗੁਣੇ ਤੇ ਬੌਣੇ ਹੀ ਲੱਗੇ।
ਮੈਨੂੰ ਹਰ ਸ਼ਬਦ ਦੀਆਂ ਅੱਖਾਂ ਵਿੱਚ ਬੇਵਸੀ ਜਾਪੀ,
ਜਿਵੇਂ ਮਾਂ ਦੇ ਭਾਵਾਂ ਨੂੰ ਪ੍ਰਗਟਾਉਣੋ ਅਸਮਰਥ ਹੋਵੇ।

ਮਾਂ ਦੇ ਲਾਡ, ਪਿਆਰ, ਹਲੀਮੀ, ਸਿਰੜ ਨੂੰ
ਲਫ਼ਜ਼ਾਂ ਵਿੱਚ ਬਿਆਨ ਕਰਨ ਲਈ,
ਏਡੇ ਕੱਦਾਵਰ ਸ਼ਬਦ, ਤਸ਼ਬੀਹਾਂ, ਉਪਮਾਵਾਂ, ਰੂਪਕ
ਕਿਥੋਂ ਲੈ ਕੇ ਆਵਾਂ ਕੁੱਝ ਸੁਝਦਾ ਹੀ ਨਹੀਂ।

ਕਿਵੇਂ ਮਾਂ ਦੇ ਅਸਤਿੱਤਵ ਨੂੰ ਪ੍ਰਭਾਸ਼ਿਤ ਕਰਾਂ,
ਕਿਵੇਂ ਉਸ ਦੇ ਮੋਹ-ਮਮਤਾ ਨੂੰ ਬਿਆਨ ਕਰਾਂ।
ਇਹ ਸੋਚਦੇ ਸੋਚਦੇ ਹੀ ਸੋਚਾਂ ਵਿੱਚ ਗੁਆਚ ਜਾਂਦਾ ਹਾਂ,
ਤੇ ਮੇਰੇ ਸੋਚਾਂ ਦੇ ਘੋੜੇ ਹਾਰ-ਹੰਭ ਕੇ ਗੋਡੇ ਟੇਕ ਦਿੰਦੇ ਨੇ।

ਮਾਂ ਤਾਂ ਰੱਬ, ਕਾਇਨਾਤ, ਕੁਦਰਤ, ਖੰਡਾਂ-ਬ੍ਰਹਿਮੰਡਾਂ
ਦੇ ਆਦਿ-ਮੱਧ-ਅੰਤ ਨੂੰ ਆਪਣੀ ਬੁੱਕਲ ਵਿੱਚ
ਸਮੋਈ ਰੱਖਣ ਵਾਲੀ ਰੂਹਾਨੀ ਅਦੁੱਤੀ ਸ਼ਕਤੀ ਹੈ।
ਓਹਦੇ ਮੂਹਰੇ ਤਾਂ ਦੇਵੀ-ਦੇਵਤੇ ਵੀ ਨਤਮਤਕ ਹੁੰਦੇ ਨੇ।

"ਜੈਲੀ" ਮੇਰੀ, ਮੇਰੇ ਅਲਫ਼ਾਜਾਂ ਦੀ, ਮੇਰੀ ਸੋਚ ਦੀ ਤੇ
ਮੇਰੀ ਕਲਮ-ਕਲਪਨਾ ਦੀ ਐਨੀ ਹੈਸੀਅਤ ਹੀ ਨਹੀਂ
ਕਿ ਮੇਰੀ ਮਾਂ ਬਾਰੇ ਕੁੱਝ ਲਿਖਣ ਦਾ ਹੀਆ ਕਰ ਸਕਣ।

ਮਾਂ ਤਾਂ ਮਾਂ ਹੁੰਦੀ ਏ ਪੂਰੀ ਕਾਇਨਾਤ ਗਵਾਹ ਏ,
ਮਾਂ ਵਰਗਾ ਤਾਂ ਰੱਬ ਵੀ ਨਹੀਂ ਬਣ ਸਕਿਆ ਅੱਜ ਤੱਕ।
ਮੇਰੀ ਮਾਂ ਮੇਰਾ ਅਸਤਿੱਤਵ ਏ, ਮੇਰੀ ਹੋਂਦ ਏ।
ਉਹਦੇ ਵਰਗਾ ਤਾਂ ਹੋਰ ਕੋਈ ਨਹੀਂ ਹੋ ਸਕਦਾ।

ਲੇਖਕ
ਜੈਲੀ ਗੋਰਾ
98558 30125



# ਅਦਬੀ ਵਿਰਾਸਤ

ਸਥਾਪਨਾ ਦਸੂਹਾ । 1 ਜੂਨ 2026 , ਦਿਨ ਐਤਵਾਰ । ਨਾਨਕਸ਼ਾਹੀ ਸੰਮਤ 17 ਜੇਠ 558 । E-mail adbivirsat@gmail.Com । ਮੋਬਾਇਲ 89689 33711 , 98720 79212 ।


## ਕਲਯੁਗ ਦਾ ਚਮਤਕਾਰ

ਇੱਥੇ ਸਾਊਆਂ ਨੂੰ ਕੌਣ ਪੁੱਛਦਾ,
ਇੱਥੇ ਗੁਣਾਂ ਨੂੰ ਕੌਣ ਪੁੱਛਦਾ।
ਇੱਥੇ ਪਾੜ੍ਹਿਆਂ ਨੂੰ ਕੌਣ ਪੁੱਛਦਾ,
ਇੱਥੇ ਡਿਗਰੀਆਂ ਨੂੰ ਕੌਣ ਪੁੱਛਦਾ।
ਬਣ ਜਾਓ ਬਾਬੇ,
ਕਰੋ ਖਰਾਬੇ।
ਅੱਠ ਦਸ ਰੱਖ ਲਓ ਚੇਲੇ,
ਦੇਖੋ ਕਿੰਝ ਫਿਰ ਲੱਗਦੇ ਮੇਲੇ।
ਪੜ੍ਹੋ ਧਾਰਨਾ -, ਮੈਨੂੰ ਤਾਰ ਲਓ ਜੀ
ਹਾਂ ਪਾਪੀ ਵੱਡ ਗੁਨਾਹਗਾਰ।
ਫੇਰ ਦੇਖੋ ਤੁਹਾਡੇ ਪਿੱਛੇ ਪਿੱਛੇ,
ਘੁੰਮਦੀ ਮੌਕੇ ਦੀ ਸਰਕਾਰ।
ਫੇਰ ਹੋਵੇਗੀ ' ਸਹਿਜ ' ਸਰਕਾਰੇ ਦਰਬਾਰੇ,
ਤੁਹਾਡੀ ਹੀ ਜੈ ਜੈ ਕਾਰ।
ਫੇਰ ਦੇਖੋ ਕਿਵੇਂ ਮਾਇਆ ਹੁੰਦੀ ਇਕੱਠੀ,
ਸਾਰੀ ਦੁਨੀਆਂ ਫਿਰੇਗੀ ਤੁਹਾਡੇ ਪਿੱਛੇ ਨੱਠੀ।
ਧੰਨ ਨਿਰੰਕਾਰ , ਧੰਨ ਨਿਰੰਕਾਰ ,
ਇਹ ਹੈ ਕਲਯੁਗ ਦਾ ਚਮਤਕਾਰ।
ਹਰ ਪਾਸੇ ਪਾਖੰਡੀ ਬਾਬਿਆਂ ਦੀ ਜੈ ਜੈ ਕਾਰ।




ਲੇਖਕ
ਡਾ. ਹਰਮਿੰਦਰ ਸਿੰਘ ਸਹਿਜ
97819 93037


## ਮੰਜ਼ਿਲ

ਰੱਖੀਂ ਮੰਜ਼ਿਲ ਤੇ ਨਜ਼ਰ
ਰਾਹ ਆਪ ਬਣ ਜਾਣਗੇ ।
ਨਾ ਸੋਚ ਤੂੰ ਇਕੱਲਾ ਹੀ ਹੈ
ਤੁਰੇਂ ਤਾਂ ਕਾਫ਼ਲੇ ਬਣ ਜਾਣਗੇ।
ਅੰਦਰ ਤੇਰੇ ਹੁਨਰ ਹੈ
ਅੱਗ ਹੈ, ਪਾਣੀ ਹੈ ,
ਕਰ ਇਕ ਸਾਰ ਸਭ ਨੂੰ
ਸੁੰਦਰ ਖਿਆਲ ਬਣ ਜਾਣਗੇ ।
ਠੋਕਰ ਲੱਗੇ ਡਿੱਗ ਪਵੇਂ ਜੇ
ਹੌਸਲਾ ਹਾਰੀ ਨਾ ਤੂੰ
ਉਠੀ ਸੰਭਲੀਂ ਸੰਗ ਤੇਰੇ
ਹਾਲਾਤ ਵੀ ਖੜ ਜਾਣਗੇ।
ਉਦਮੀ ਸਾਗਰ ਲੰਘ ਜਾਵਣ
ਤੂੰ ਇਹ ਖਿਆਲ ਵਿਸਾਰੀ ਨਾ
ਢੇਰੀ ਢਾਹਕੇ ਬੈਠ ਗਿਆ ਤਾਂ
'ਪਰ' ਉਦਮੀ ਝੜ ਜਾਣਗੇ ।
ਖੜਾ ਪਾਣੀ ਬੁੱਸ ਜਾਂਦਾ ਏ
ਚਲਦੇ ਵਿਚ ਰਵਾਨੀ ਹੈ
ਤੁਰਦੇ ਤੁਰਦੇ ਪਲ ਜ਼ਿੰਦਗੀ ਦੇ
ਖੂਬਸੂਰਤ ਬਣ ਜਾਣਗੇ




ਲੇਖਕ
ਦਿਲਪ੍ਰੀਤ ਕਾਹਲੋਂ
94637 73991


## ਔਰਤਾਂ

ਬਹੁਤ ਅਜੀਬ ਹੁੰਦੀਆਂ ਨੇ ਔਰਤਾਂ
ਗੱਲਾਂ ਹੀ ਗੱਲਾਂ ਚ
ਜਿਗਰ ਦਾ ਖੂਨ ਪੀਣਾ
ਅੱਖਾਂ ਹੀ ਅੱਖਾਂ ਚ
ਸਾਹਾਂ ਨੂੰ ਸੂਤ ਲੈਣਾ
ਬੱਬਰ ਸ਼ੇਰਾਂ ਨੂੰ ਬਿੱਲੀਆਂ
ਤੇ ਭੇੜੀਆਂ ਨੂੰ ਲੇਲੇ ਬਣਾ ਦੇਣਾ
ਖੂਬ ਜਾਣਦੀਆਂ ਨੇ ਔਰਤਾਂ...
ਜਾਣਦੀਆਂ ਨੇ ਉਹ
ਅੱਖਾਂ ਅਸੀਮ ਅੰਦਰ
ਸ਼ਕਤੀ ਅਸੀਮ ਕਿੰਨੀ
ਸੂਕਦੇ ਸਮੁੰਦਰਾਂ ਦੀ
ਸੱਤਾ ਨੂੰ ਵੰਗਾਰ ਦੇਣਾ
ਸਾਗਰੀ ਪਤਾਲ ਤੀਕ
ਪਾ ਕੇ ਮਧਾਣੀ ਕਿੱਦਾਂ
ਰਿੜਕ ਰਿੜਕ ਹਉਮੈ
ਸਾਰੀ ਵਿਸ਼ ਨੂੰ ਨਿਤਾਰ ਲੈਣਾ
ਪੀ ਪੀ ਨਿਲਤਣਾਂ ਨੂੰ
ਨਰਕਾਂ ਦੀ ਜੂਹ ਵਿਚੋਂ
ਜੀਣ ਜੋਗੀ ਜ਼ਿੰਦਗੀ ਨਿਖਾਰ ਲੈਣੀ
ਜਨਮਾਂ ਜਮਾਂਤਰਾਂ ਨੂੰ
ਵੇਖਣੇ ਦੀ ਅਜਬ ਲੀਲਾ
ਮਿਥਿਆ ਦੇ ਮਾਣ ਸਾਰੇ
ਕਰਕੇ ਨਿਸੱਤ ਝੱਟ
ਪੈਰਾਂ 'ਚ ਖਿਲਾਰ ਦੇਣੇ
ਜਾਣਦੀਆਂ ਔਰਤਾਂ
ਔਰਤਾਂ ਅਜੀਬ ਹਨ...




ਲੇਖਕ
ਲਖਵਿੰਦਰ ਜੌਹਲ
94171 94812


## ਅਣਘੱਲਿਆ ਖ਼ਤ




ਮਸਲਾ ਦਿਲ ਦਾ ਹੱਲ ਨ੍ਹੀਂ ਹੋਇਆ
ਲਿਖਿਆ ਖ਼ਤ ਵੀ ਘੱਲ ਨ੍ਹੀਂ ਹੋਇਆ
ਦਿਲ ਦੇ ਦਰਦ ਦੀ ਕੀ ਦਵਾ ਏ,
ਤਾਬ ਹਿਜ਼ਰ ਦਾ ਝੱਲ ਨ੍ਹੀਂ ਹੋਇਆ
ਮਸਲਾ ਦਿਲ ਦਾ ਹੱਲ ਨ੍ਹੀਂ ਹੋਇਆ
ਲਿਖਿਆ ਖ਼ਤ ਵੀ ਘੱਲ ਨ੍ਹੀਂ ਹੋਇਆ . . .
ਸਾਥੋਂ ਕਿੰਨੇ ਉਹ ਦੂਰ ਹੋ ਗਏ,
ਕੋਸ਼ਿਸ਼ ਕਰ ਕੇ ਵੀ ਰਲ਼ ਨ੍ਹੀਂ ਹੋਇਆ
ਮਸਲਾ ਦਿਲ ਦਾ ਹੱਲ ਨ੍ਹੀਂ ਹੋਇਆ
ਲਿਖਿਆ ਖ਼ਤ ਵੀ ਘੱਲ ਨ੍ਹੀਂ ਹੋਇਆ....
ਭੁੱਲ ਗਿਆ ਜਾਹ ਦਿਲ 'ਚੋਂ ਕੱਢਿਆ,
ਫਿਰ ਵੀ ਪਿਆਰ ਤੋਂ ਟਲ ਨ੍ਹੀਂ ਹੋਇਆ
ਮਸਲਾ ਦਿਲ ਦਾ ਹੱਲ ਨ੍ਹੀਂ ਹੋਇਆ
ਲਿਖਿਆ ਖ਼ਤ ਵੀ ਘੱਲ ਨ੍ਹੀਂ ਹੋਇਆ.....
ਮਰ ਜਾਣਾ ਹੁਣ ਮਿਲ ਜਾ ਮੈਨੂੰ,
ਇਹ ਸੁਨ੍ਹੇਹਾ ਵੀ ਘੱਲ ਨ੍ਹੀਂ ਹੋਇਆ
ਮਸਲਾ ਦਿਲ ਦਾ ਹੱਲ ਨ੍ਹੀਂ ਹੋਇਆ
ਲਿਖਿਆ ਖ਼ਤ ਵੀ ਘੱਲ ਨ੍ਹੀਂ ਹੋਇਆ...
ਵਸਲ ਤਾਂ' "ਡਿੱਬੂ" ਅਖੀਰ ਹੋ ਗਿਆ,
ਵਸਲ ਦਾ ਪਲ ਸਾਥੋਂ ਠੱਲ੍ਹ ਨ੍ਹੀਂ ਹੋਇਆ...
ਮਸਲਾ ਦਿਲ ਦਾ ਹੱਲ ਨ੍ਹੀਂ ਹੋਇਆ
ਲਿਖਿਆ ਖ਼ਤ ਵੀ ਘੱਲ ਨ੍ਹੀਂ ਹੋਇਆ




ਲੇਖਕ
ਜੋਗਾ ਸਿੰਘ ਡਿੱਬੂ
78889 09826


## ਮੌਤ

ਧੁੱਪ ਵੀ ਆਉਣੀ,ਛਾਂ ਵੀ ਆਉਣੀ ,
ਦਿਨ ਵੀ ਚੜ੍ਹਨਾ ,ਰਾਤ ਵੀ ਹੋਣੀ।
ਦੁੱਖ ਵੀ ਆਇਆ, ਸੁੱਖ ਵੀ ਆਉਣਾ।
ਚੱਕਰਵਿਊ ਇਹ ਚੱਲਦਾ ਰਹਿਣਾ,
ਬੈਠੇ ਏਥੇ ਸਦਾ ਨਹੀਂ ਰਹਿਣਾ।
ਵਿੱਚ ਦੁਨੀਆਂ ਤੈਨੂੰ ਭੇਜਿਆ ਰੱਬ ਨੇ,
ਮੇਲਾ ਵੇਖਣ ਆਇਆਂ ਜੱਗ ਤੇ।
ਸੱਚ ਹੈ ਏਥੇ ਸਦਾ ਨਹੀਂ ਰਹਿਣਾ,
ਸ਼ਾਮ ਢਲੀ ਤਾਂ ਜਾਣਾ ਹੀ ਪੈਣਾ।
ਜਿਊਣਾ ਝੂਠ ਤੇ ਮਰਨਾ ਸੱਚ ਏ,
ਇਸ ਗੱਲ ਵਿੱਚ ਭੋਰਾ ਨਾ ਸ਼ੱਕ ਏ।
ਰੱਬ ਦੇ ਜਿੰਨ੍ਹਾਂ ਦਰ ਨੇ ਮੱਲ੍ਹੇ,
ਤਰ ਗਏ ਨਾ ਉਹ ਰਹੇ ਇਕੱਲੇ।
ਕਰ ਬਾਹਾਂ ਖੜ੍ਹੀਆਂ, ਗੱਲ ਪੱਲ੍ਹੇ ਪਾ ਲੈ,
ਰੱਬ ਦੀ ਪ੍ਰੀਤ ਨੂੰ ਮਨ ਚ ਵਸਾ ਲੈ।




ਲੇਖਿਕਾ
ਹਰਪ੍ਰੀਤ ਕੌਰ ਔਲਖ
94632 03997


## ਓਹੀ ਕੁਰਸੀ ਓਹੀ ਕਮਰਾ



ਓਹੀ ਕੁਰਸੀ ਓਹੀ ਮੇਜ਼ ਤੇ ਓਹੀ ਖੂੰਟੀ ਦਾ ਸਹਾਰਾ,
ਕਿਤਾਬਾਂ ਦੀ ਲਾਇਬਰੇਰੀ ਨਾਲ ਕਮਰਾ ਭਰਿਆ ਸਾਰਾ।
ਜਿਸਦੀ ਕਮੀ ਹੈ ਰੜਕਦੀ ਬਸ ਓਹੀ ਨੀ ਮੁੜਨਾ,
ਲਾਲ ਸਿੰਘ ਦਸੂਹਾ ਨੇ ਮਹਿਫ਼ਿਲ ਚ ਦੁਬਾਰਾ ਨੀ ਜੁੜਨਾ।
ਪੁੱਤਰ ਅਮਰਜੀਤ ਸਿੰਘ ਨੇ ਯਾਦ ਨੂੰ ਅਮਰ ਬਣਾਇਆ,
ਪਿਤਾ ਦੀ ਯਾਦ ਨੂੰ ਅਮਰ ਰੱਖਣ ਲਈ ਇੱਕ ਕਮਰਾ ਬਣਾਇਆ।
ਹੋਣਗੇ ਜਿੱਥੇ ਨਤਮਸਤਕ ਲਾਲ ਸਿੰਘ ਦੇ ਪਿਆਰੇ,
ਸਾਹਿਤਕਾਰ,ਕਵੀ,ਸ਼ਾਇਰ ਤੇ ਲੇਖਕ ਕਰਨਗੇ ਦੀਦਾਰੇ।
ਜੋ ਤੁਰ ਗਏ ਜਹਾਨੋ ਉਹ ਵਾਪਿਸ ਕਦੀ ਨਾ ਆਏ,
ਲਾਲ ਸਿੰਘ ਜੀ ਦਾ ਅਚਾਨਕ ਜਾਣਾ ਸਭ ਨੂੰ ਪਿਆ ਸਤਾਏ।
ਰਚਨਾਵਾਂ ਉਹਨਾਂ ਦੀਆਂ ਸਦਾ ਰਹਿਣਗੀਆਂ ਆਬਾਦ,
ਸਾਹਿਤਕਾਰਾਂ ਨੇ ਹਮੇਸ਼ਾ ਲਈ ਸਾਂਭੀ ਹੋਈ ਹੈ ਯਾਦ।
ਕਿਤਾਬਾਂ ਉਹਨਾਂ ਦੀਆਂ ਹਰ ਲਾਇਬ੍ਰੇਰੀ ਦੀ ਬਣਨਗੀਆਂ ਸ਼ਾਨ,
ਕਦੇ-2 ਰੱਬ ਪੈਦਾ ਕਰਦਾ ਲਾਲ ਸਿੰਘ ਦਸੂਹਾ ਜਿਹੇ ਇਨਸਾਨ।
"ਪ੍ਰੀਤ" ਨੇ ਆਪਣੀ ਕਲਮ ਰਾਹੀਂ ਇਹ ਸੱਚ ਆਖ ਸੁਣਾਇਆ,
ਲਾਲ ਸਿੰਘ ਦੀਆਂ ਰਚਨਾਵਾਂ ਦਾ ਤੋੜ ਕਿੱਧਰੇ ਵੀ ਨਜ਼ਰ ਨਾ ਆਇਆ।




ਲੇਖਕ
ਗੁਰਪ੍ਰੀਤ ਪ੍ਰੀਤ ਹੈਪੀ ਸਹੋਤਾ
98558 13187


## ਪੱਲਾ ਸੱਚੇ ਸਤਿਗੁਰ ਦਾ

ਜੇ ਨੋਟ ਕਮਾ ਲਏ , ਤਾਂ ਵੀ ਕੀ।
ਜੇ ਢੇਰ ਲਗਾ ਲਏ , ਤਾਂ ਬਈ ਕੀ ।
ਜੇ ਮਹਿਲ ਬਣਾ ਲਏ, ਤਾਂ ਵੀ ਕੀ ।
ਲੱਖ ਸਾਜ ਬਣਾ ਲਏ , ਤਾਂ ਵੀ ਕੀ।
ਜੇ ਰਾਜ ਕਮਾ ਲਏ , ਤਾਂ ਵੀ ਕੀ।
ਜੇ ਤਾਜ ਸਜਾ ਲਏ ,ਤਾਂ ਵੀ ਕੀ।
ਸ਼ਿੰਗਾਰ ਲਗਾ ਲਏ , ਤਾਂ ਵੀ ਕੀ।
ਕਈ ਯਾਰ ਬਣਾ ਲਏ ,ਤਾਂ ਵੀ ਕੀ।
ਜੇ ਸਤਿਗੁਰ ਦਾ ਤੂ ਹੋਇਆ ਨਾ,
ਤੂੰ ਕੰਗਲਾ 'ਸਹਿਜ ' ਕੰਗਾਲ ਬਈ ।
ਤੇਰੀ ਕਿਸੇ ਨਹੀਂ ਹੈ ਬਾਂਹ ਫੜਨੀ,
ਤੇਰਾ ਹੋਣਾ ਮੰਦੜਾ ਹਾਲ ਬਈ।
ਫੜ ਪੱਲਾ ਸੱਚੇ ਸਤਿਗੁਰ ਦਾ,
ਵਹਿ ਵਾਹਿਗੁਰੂ ਵਾਹਿਗੁਰੂ ਕਰਿਆ ਕਰ।
ਚਰਨਾਂ ਦੀ ਬਣ ਜਾ ਧੂੜੀ ਤੂੰ,
ਖ਼ਲਕਤ ਦੀ ਸੇਵਾ ਕਰਿਆ ਕਰ।
ਸਤਿਗੁਰ ਦੀਆਂ ਖੁਸ਼ੀਆਂ ਲੈ ਕੇ ਤੂੰ,
ਦਰਗਾਹ ਵਿੱਚ ਸੋਭਾ ਪਾਵੇਗਾ।
ਮੁੱਕ ਜਾਣਾ ਗੇੜ ਚੁਰਾਸੀ ਬਈ,
ਨਹੀਂ ਜੂਨਾਂ ਦੇ ਵਿੱਚ ਆਵੇਂਗਾ।




ਲੇਖਕ
ਡਾ. ਹਰਮਿੰਦਰ ਸਿੰਘ ਸਹਿਜ
97819 93037


## ਨਫ਼ਰਤ ਤੋਂ ਪਰੇ

ਜੀਭ ਵਿੱਚ ਹੱਡੀ ਨਹੀਂ ,ਪਰ ਹੱਡੀਆਂ ਤੁੜਵਾ ਸਕਦੀ ਹੈ,
ਚਾਹੇ ਤਾਂ ਜੰਗਾਂ ਯੁੱਧਾਂ ਉੱਤੇ ਸ਼ਾਂਤੀ ਦੇ ਮੀਂਹ ਵਰਸਾ ਸਕਦੀ ਹੈ,
ਸਦੀ ਦੇ ਸੀਨੇ ਉੱਤੇ ਉੱਕਰੇ ਫੱਟਾਂ ਨੂੰ ਕੌਣ ਲੁਕਾਵੇਗਾ ,
ਗਿਰਝ ਵੀ ਕੋਇਲ ਵਾਂਗੂ ਮੌਸਮੀ ਨਗਮੇ ਗਾ ਸਕਦੀ ਹੈ,
ਤੇਰੇ ਯੁੱਗ ਦੇ ਸੁਪਨੇ ਵੀ ਖੁਦਗਰਜ਼ੀ ਵਿੱਚ ਰੰਗੇ ਪਏ ਨੇ,
ਸਾਡੀ ਪਿਆਜ਼ੀ ਪੌਣ ਤੈਨੂੰ ਗੋਦੀ ਵਿੱਚ ਸੁਲਾ ਸਕਦੀ ਹੈ ,
ਲੋਕ ਪਰਿੰਦਿਆਂ ਵਾਂਗ ਅੰਬਰ ਛੂਹਣ ਲੱਗ ਪਏ ਨੇ,
ਲਾਲਸਾਵਾਂ ਦੀ ਤ੍ਰਿਸ਼ਨਾ ਰਾਹਾਂ ਵਿਚ ਭਟਕਾ ਸਕਦੀ ਹੈ,
ਝੂਠਾਂ ਦੇ ਹਨੇਰਿਆਂ ਅੱਗੇ ਸੱਚ ਕਦੇ ਲੁਕਦਾ ਨਹੀਂ ਹੁੰਦਾ,
ਰੂਹਾਨੀ ਰੌਸ਼ਨੀ ਵੀ ਪੱਥਰ ਅੰਦਰ ਦੀਪ ਜਗਾ ਸਕਦੀ ਹੈ ,
ਨਫ਼ਰਤ ਅੱਗ ਦੇ ਸੇਕ ਵਾਂਗ ਅੰਦਰੋਂ ਸਭ ਸਾੜ ਦਿੰਦੀ ਹੈ,
ਮੁਹੱਬਤ ਦੀ ਠੰਢੀ ਛਾਂ ਰੇਤ ਵਿੱਚ ਚਸ਼ਮੇ ਫੁੱਟਾ ਸਕਦੀ ਹੈ,
ਭੁੱਖ, ਗਰੀਬੀ ਜੰਗਾਂ ਵਾਲੇ ਜ਼ਖਮੀ ਵੇਲੇ ਵੇਖੇ ਨੇ ਅਸੀਂ,
ਦੀਵੇ ਬੁਝਣ ਦੀ ਕਲਪਨਾ ਵੀ ਦਿਲ ਨੂੰ ਕੰਬਾ ਸਕਦੀ ਹੈ ,
"ਅਮਰ" ਡਲਕਦੇ ਤਾਰੇ, ਖਿੜਦੇ ਫੁੱਲ, ਤਿੱਤਰ-ਖੰਭੀ ਬੱਦਲ ,
ਕੁਦਰਤ ਮੁਹੱਬਤਾਂ ਤੇ ਜਿੱਤਾਂ ਦੇ ਵੀ ਗੀਤ ਸੁਣਾ ਸਕਦੀ ਹੈ,




ਲੇਖਕ
ਅਮਰਜੀਤ ਦਸੂਹਾ
89789 33711


## ਧੁੱਪਾਂ ਨੂੰ ਝੱਲਣ ਦੇ ਆਦੀ

ਧੁੱਪਾਂ ਨੂੰ ਝੱਲਣ ਦੇ ਆਦੀ
ਛਾਵਾਂ ਦਾ ਧਰਵਾਸ ਨਹੀਂ ਹੈ
ਰਾਹਾਂ ਦੇ ਨਾਲ ਯਾਰੀ ਸਾਡੀ
ਮੰਜ਼ਿਲ ਦੀ ਕੋਈ ਆਸ ਨਹੀਂ ਹੈ

ਦਿਲ ਸਾਡੇ ਦੀ ਸ਼ਿੱਦਤ ਯਾਰਾ
ਸ਼ਬਦਾਂ ਦੇ ਵਿੱਚ ਢਲ਼ਣੀ ਨਾਹੀਂ
ਬੁੱਲ ਭਾਵੇਂ ਨੇ ਸੁੱਕੇ ਸਾਡੇ
ਨੈਣਾਂ ਦੇ ਵਿੱਚ ਪਿਆਸ ਨਹੀਂ ਹੈ

ਰੱਬ ਦੇ ਘਰ ਵਿੱਚ ਭਾਵੇਂ ਸਾਨੂੰ
ਬੜੀ ਅਹਿਮੀਅਤ ਦਿੱਤੀ ਜਾਂਦੀ
ਸੋਹਣੇ ਰੰਗਾਂ ਵਾਲਿਆਂ ਦੇ ਵਿੱਚ
ਰੁਤਬਾ ਸਾਡਾ ਖ਼ਾਸ ਨਹੀਂ ਹੈ

ਗੈਰਾਂ ਦੇ ਮੂੰਹ ਭਰ ਕੇ ਕੁਝ ਵੀ
ਕਹਿਣੇ ਦੀ ਪ੍ਰਵਾਹ ਨਾ ਕਾਈ
ਆਪਣਿਆਂ ਨੂੰ ਕਿੱਦਾਂ ਜਰੀਏ
ਇਸ ਗੱਲ ਦਾ ਅਭਿਆਸ ਨਹੀਂ ਹੈ

ਦਿਲ ਦੀਆਂ ਮਰਜ਼ਾਂ ਜਾਣੇ ਕਿਹੜਾ
ਅੱਖਾਂ ਵਾਲੇ ਤੱਕ ਨਾ ਸੱਕਣ
ਅੰਦਰੋਂ ਬੰਦਾ ਛਲਣੀ ਹੁੰਦਾ
ਬਾਹਰ ਦਿਸਦੀ ਲਾਸ ਨਹੀਂ ਹੈ




ਲੇਖਕ
ਵਿਜੇ ਭੱਟੀ
98 155 61821





ਆਪਣੀਆਂ ਕਹਾਣੀਆਂ , ਕਵਿਤਾਵਾਂ , ਗੀਤ ਅਤੇ ਰਚਨਾਵਾਂ ਨੂੰ ਛਪਵਾਉਣ ਲਈ ਸੰਪਰਕ ਕਰੋ।



E-mail : adbivirsat@gmail.Com

ਅਮਰਜੀਤ ਦਸੂਹਾ
ਪ੍ਰਬੰਧਕੀ ਸੰਪਾਦਕ

ਸੰਪਰਕ ਨੰਬਰ 89689 33711 , 98720 79212

ਭੁਪਿੰਦਰ ਸਿੰਘ ਰਾਜਾ
ਮੁੱਖ ਸੰਪਾਦਕ

# ਅਦਬੀ ਵਿਰਾਸਤ

ਸਥਾਪਨਾ ਦਸੂਹਾ । 1 ਜੂਨ 2026 , ਦਿਨ ਐਤਵਾਰ । ਨਾਨਕਸ਼ਾਹੀ ਸੰਮਤ 17 ਜੇਠ 558 । E-mail adbivirsat@gmail.Com । ਮੋਬਾਇਲ 89689 33711 , 98720 79212 ।

## ਨਸ਼ਿਆ ਦੇ ਰਾਹ

ਨਸ਼ਿਆਂ ਦਾ ਰਾਹ ਮਾੜਾ ਇਸ ਰਾਹ ਜਾਈਂ ਨਾ।
ਜੀਵਨ ਮੁੜ ਨਾ ਮਿਲਣਾ ਇਹ ਲਤ ਲਾਈਂ ਨਾ।

ਨਸ਼ਿਆਂ ਨੇ ਘਰ ਘਾਟ ਨਾ ਛੱਡਣਾ ਤੇਰਾ ਏ।
ਡਿਗੀਂ ਨਾ ਡੂੰਘੇ ਖੂਹ ਵਿੱਚ ਘੁੱਪ ਹਨ੍ਹੇਰਾ ਏ।
ਜਾਣ ਬੁੱਝ ਦਲ ਦਲ ਵਿੱਚ ਗ਼ੋਤੇ ਖਾਈਂ ਨਾ।
ਨਸ਼ਿਆਂ ਦਾ ਰਾਹ ਮਾੜਾ,........
ਨਸ਼ਿਆਂ ਦੇ ਨੇ ਸ਼ੌਂਕ ਹੀ ਬੜੇ ਅਵੱਲੇ ਬਈ।
ਭੀਖ਼ ਮੰਗਾਵੇ ਕੁਝ ਨਾ ਛੱਡਦਾ ਪੱਲੇ ਬਈ।
ਮੌਤ ਨੂੰ ਨਸ਼ਾ ਬੁਲਾਵੇ ਮੌਤ ਬੁਲਾਈਂ ਨਾ।
ਨਸ਼ਿਆਂ ਦਾ ਰਾਹ ਮਾੜਾ.......
ਨਸ਼ਿਆਂ ਦੇ ਵਿੱਚ ਪੈਕੇ ਬਚਿਆ ਕੋਈ ਨਾ।
ਕਿਹੜੀ ਅੱਖ ਜੋ ਨਸ਼ਿਆਂ ਵਿੱਚ ਪੈ ਰੋਈ ਨਾ।
ਮਾਂ ਭੈਣ ਪਤਨੀ ਦੀ ਅੱਖ ਰੁਆਈਂ ਨਾ।
ਨਸ਼ਿਆਂ ਦਾ ਰਾਹ.........
ਖੁਸ਼ੀਆਂ ਗ਼ਮਾਂ ਚ ਬਦਲਣ ਜਿੱਥੇ ਰਹਿਣ ਨਸ਼ੇ।
ਹੱਸਦੇ ਵੱਸਦੇ ਘਰੀਂ ਪਵਾਉਂਦੇ ਵੈਣ ਨਸ਼ੇ।
ਬਾਲੀ ਦੇਸ ਰਾਜ ਹੁਣ ਧੋਖਾ ਖਾਈਂ ਨਾ।
ਨਸ਼ਿਆਂ ਦਾ ਰਾਹ ਮਾੜਾ........
ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਕਹਿੰਦੀ ਏ।
ਨਸ਼ਿਆਂ ਵਿੱਚ ਪੈ ਜ਼ਿੰਦਗੀ ਦੁੱਖੜੇ ਸਹਿੰਦੀ ਏ।
ਬਾਲੀ ਦੇਸ ਰਾਜ ਹੁਣ ਧੋਖਾ ਖਾਈਂ ਨਾ।
ਨਸ਼ਿਆਂ ਦਾ ਰਾਹ ਮਾੜਾ.....



ਲੇਖਕ
ਦੇਸ ਰਾਜ ਬਾਲੀ
9814577631

## ਗਜ਼ਲ

ਗਿਆਨ ਦਾ ਅੰਮ੍ਰਿਤ ਪੀ ਪੀ ਜਿਨ੍ਹਾਂ ਭਰ ਲਿਆ ਆਪਣਾ ਅੰਦਰ।
ਰੂਹ ਤੋਂ ਨੇ ਉਹ ਸਖਸ਼ ਹੋ ਜਾਂਦੇ ਜੀਕਣ ਦੁਆਰਾ, ਮੰਦਰ।।

ਬੋਲ ਉਨ੍ਹਾਂ ਦੇ ਹੋ ਜਾਂਦੇ ਨੇ ਜਿਵੇਂ ਕੋਈ ਬਚਨ ਇਲਾਹੀ,
ਜਦੋਂ ਬੋਲਦੇ ਕਰ ਦਿੰਦੇ ਬੰਦ ਕੁੱਜੇ ਵਿੱਚ ਸਮੰਦਰ।।

ਤਾਕਤ, ਦੌਲਤ, ਜਾਤ,ਸਿਆਸਤ ਦਾ ਕੀ ਮਾਣ ਪਿਆਰੇ!
ਮਾਰ ਸਮੇ ਦੀ ਮੂਹਰੇ ਮਿੱਟੀ ਹੋ ਗਏ ਬਹੁਤ ਸਿਕੰਦਰ।।

ਇਸ ਦੁਨੀਆ ਵਿੱਚ ਤਿੰਨ ਹੀ ਬੰਦੇ ਹੱਸਦੇ ਸੁੱਚਾ ਹਾਸਾ,
ਕੋਈ ਬਾਲਕ,ਕੋਈ ਖੁਦਾ-ਪਿਆਰਾ ਜਾ ਕੋਈ ਮਸਤ ਕਲੰਦਰ।।

'ਹਮ ਆਦਮੀ ਇੱਕ ਦਮੀ' ਕੋਈ ਹੋਰ ਨਾ ਮੋਹਲਤ ਸਾਨੂੰ,
ਅਗਲਾ ਸਾਹ ਜਦੋਂ ਨਾ ਆਇਆ ਮਰ ਗਏ ਕਈ ਧੁਰੰਦਰ।।

ਮੈ ਸ਼ਬਦਾਂ ਦੇ ਸੁੱਚੇ ਮੋਤੀ ਲੈ ਲੈ ਹਾਰ ਪਿਰੋਵਾਂ,
ਜਜਬਿਆਂ ਦੀ ਇੱਕ ਕਾਂਗ ਨਿਰੰਤਰ ਵਹਿੰਦੀ ਮੇਰੇ ਅੰਦਰ।।

ਰਹੇ ਸਲਾਮਤ ਇਸ਼ਕ ਤਿਰਾ ਤੇ ਪਾਕ ਮੁਹੱਬਤ ਮੇਰੀ,
ਜਦ ਤੋ ਦਿਲ ਵਿੱਚ ਵਸਿਆ ਏਂ ਤੂੰ ਇਹ ਤਨ ਹੋ ਗਿਆ ਮੰਦਰ।।

ਜਗਦੀਸ਼! ਹੋਵੇ ਜੇ ਮਨ ਪਰਦੇਸੀ ਦਿਲ ਕਿਤੇ ਨਹੀਂ ਲਗਦਾ,
ਲੰਡਨ ਚਾਹੇ ਸਿਕਾਗੋ ਘੁੰਮੋ,ਦਿੱਲੀ ਚਾਹੇ ਜਲੰਧਰ।।



ਲੇਖਕ
ਜਗਦੀਸ਼ ਬਹਾਦਰਪੁਰੀ
ਜਲੰਧਰ
94639-85934

## ਸੁੰਨਸਾਨ

ਸੁੰਨਸਾਨ ਮਚੀ ਪਈ ਹੈ,
ਕੋਈ ਗਾਏ ਨਾ ਮਿਰਜੇ ਦੀ ਵਾਰ
ਬੇਲਾ ਸੁੰਨਾ ਹੈ
ਕੈਦੋਆਂ ਦੀ ਭਰਮਾਰ ਹੈ
ਹੀਰ ਨੂੰ ਸੈਦਾ ਲੈ ਗਿਆ,
ਸੋਹਣੀ ਪੱਕੇ ਤੇ ਰੁੜ੍ਹੀ ਜਾਂਦੀ
ਇੱਕ ਸਰਕਾਰ ਬਾਝੋਂ
ਚੇਲਿਆਂਵਾਲੀ ਦੀ ਜੰਗ,
ਪੰਜਾਬ ਹਾਰ ਗਿਆ
ਖੱਬੀਆਂ ਧਿਰਾਂ ,
ਬਰਸਾਤੀ ਡੱਡੂਆਂ ਵਾਂਗ
ਗਿੜਗਿੜਾਉਂਦੀਆਂ ਏਸੀਆਂ
ਵਾਲੀ ਸੰਸਦ ਵਿੱਚ
ਸਿੰਘਾਸਨ ਦੇ ਪੌਡੇ ਬਣਗੀਆਂ,
ਦੂਰ ਕਿਤੇ ਜੰਗਲ ਵਿੱਚ
ਹਨੇਰਾ ਚੀਰਦੀ,
ਆਦਿਵਾਸਣ ਦਾ ਗੀਤ
ਵਿਰਲਾ ਟਾਵਾਂ ਕੰਨੀ ਪੈਂਦਾ
ਠਾਹ ਠਾਹ ਦੀ ਕੰਨਪਾੜਵੀਂ,
ਆਵਾਜ਼ ਵਿੱਚ ਗੁਆਚ ਜਾਂਦਾ।



ਲੇਖਕ
ਬਲਵੀਰ ਮੁਕੇਰੀਆਂ
ਮੁਕੇਰੀਆਂ
9888029403

## ਕਿੱਥੇ ਭੱਜ ਜਾਈਏ ਯਾਰ

ਚਾਰੋਂ ਪਾਸੇ ਗੰਦਗੀ ਦੀ ਹੋਈ ਭਰਮਾਰ।
ਜਿੰਦਗੀ ਬਚਾ ਕੇ ਕਿੱਥੇ ਭੱਜ ਜਾਈਏ ਯਾਰ।
ਜ਼ਿੰਦਗੀ ਬਚਾ ਕੇ----------------।

ਹਵਾ ਵਿੱਚ ਧੂੰਆਂ ਉੱਤੋਂ ਪਾਣੀ ਹੈ ਪਲੀਤ।
ਰੋਗੀਆਂ ਦੇ ਵਾਂਗ ਦਿਨ ਹੁੰਦਾ ਹੈ ਬਤੀਤ।
ਆਦਮੀ ਪਰਿੰਦੇ ਪਸ਼ੂ ਸੱਭ ਨੇ ਖੁਆਰ।
ਜ਼ਿੰਦਗੀ ਬਚਾ ਕੇ-----------------।

ਬੱਚੇ ਬੁੱਢੇ ਦੁੱਖੀ ਸਾਹ ਆਉਂਦਾ ਨਹੀ ਸ਼ੁੱਧ।
ਰੋਜ ਪ੍ਰਦੂਸ਼ਣ ਦੇ ਨਾਲ ਹੁੰਦਾ ਯੁੱਧ।
ਆਪਣੀ ਹੀ ਮੌਤ ਦਾ ਸਮਾਨ ਹੈ ਤਿਆਰ।
ਜ਼ਿੰਦਗ਼ੀ ਬਚਾ ਕੇ-----------------।

ਜੀਰੀਆਂ ਦੀਵਾਲੀਆਂ ਦੇ ਧੂੰਏਂ ਕੀਤੀ ਅੱਤ।
ਹਠਧਰਮੀ ਨੇ ਮਾਰੀ ਬੰਦਿਆਂ ਦੀ ਮੱਤ।
ਗਰਜਾਂ ਦੇ ਰੋਟੇ ਕੋਈ ਸੋਚ ਨਾ ਵਿਚਾਰ।
ਜ਼ਿੰਦਗ਼ੀ ਬਚਾ ਕੇ------------------।

ਦੁਨੀਆਂ 'ਤੇ ਰਾਜ ਕਰਾਂ ਬੰਦੇ ਦੀ ਇਹ ਮੱਤ।
ਜੰਗਬਾਜਾਂ ਧਰਤੀ 'ਤੇ ਚੁੱਕ ਰੱਖੀ ਅੱਤ।
ਲਾਈ ਜਾਂਦੇ ਹਰ ਥਾਂ ਬਾਰੂਦ ਦੇ ਅੰਬਾਰ।
ਜ਼ਿੰਦਗ਼ੀ ਬਚਾ ਕੇ--------------।

ਬੱਚਣੈ ਜੇ ਦੋਸਤੋ ਤਾਂ ਧਰਤੀ ਬਚਾ ਲੀਏ।
ਥੋੜ੍ਹਾ ਕੁ ਸਵਾਰਥਾਂ ਨੂੰ ਸਾਰੇ ਨੱਥ ਪਾ ਲੀਏ।
ਵਰਨਾ ਤਾਂ ਸਾਰਿਆਂ ਨੇ ਹੋਣਾ ਹੈ ਸ਼ਿਕਾਰ।
ਜ਼ਿੰਦਗੀ ਬਚਾ ਕੇ----------------।

ਚਾਰੋ ਪਾਸੇ ਗੰਦਗੀ ਦੀ ਹੋਈ ਭਰਮਾਰ।
ਜਿੰਦਗੀ ਬਚਾ ਕੇ ਕਿੱਥੇ ਭੱਜ ਜਾਈਏ ਯਾਰ ।



ਲੇਖਕ
ਜਗਦੀਸ਼ ਬਹਾਦਰਪੁਰੀ
ਸੰਗਰੂਰ
94639-85934

## ਸੁੰਨਸਾਨ

ਚਾਰੇ ਪਾਸੇ ਪਈ ਹੋਈ ਸੁੰਨਸਾਨ ਹੈ,
ਨਾ ਕੋਈ ਰੋਲੇ ਰੱਪੇ ਦਾ ਨਿਸ਼ਾਨ ਹੈ।
ਕਿਤੇ ਨੀ ਵੱਜਦਾ ਲਾਉਡ ਸਪੀਕਰ,
ਨਾ ਹੀ ਰੈਲੀ ਦਾ ਕੋਈ ਫਰਮਾਨ ਹੈ।
ਭਗਵਾਨ ਦਰ ਮੰਗ ਰਹੇ ਨੇ ਦੁਆਵਾਂ,
ਜਿੱਤ ਲਈ ਕਰ ਰਿਹਾ ਪੁੰਨਦਾਨ ਹੈ।
ਗਰੀਬਾਂ ਨੂੰ ਇੰਤਜ਼ਾਰ ਹੈ ਕੀਤੇ ਵਾਅਦਿਆਂ ਦਾ,
ਜਿੱਤ ਜਾਵੇ ਜਿਸ ਨੇ ਬਣਾਉਣਾ ਮੇਰਾ ਮਕਾਨ ਹੈ।
29 ਮਈ ਨੂੰ ਖੁੱਲ੍ਹੇਗਾ ਪਿਟਾਰਾ-ਵੱਜੇਗਾ ਬਿਗੁਲ,
ਹੋਵੇਗਾ ਨਵੇਂ ਜੇਤੂਆਂ ਦਾ ਐਲਾਨ ਹੈ।
ਇੱਥੇ ਕੋਈ ਕਿਸੇ ਦਾ ਸਕਾ ਨੀ,
ਸਭ ਨੂੰ ਕੁਰਸੀ ਦਾ ਗੁਮਾਨ ਹੈ।
ਰੱਬ ਦਾ ਘਰ ਹੈ ਸੱਚਾ ਤੇ ਸੁੱਚਾ,
ਜਿੱਥੇ ਸਭ ਨੂੰ ਮਿਲਦਾ ਦੀਨ-ਈਮਾਨ ਹੈ।
'ਪ੍ਰੀਤ' ਕਰ ਲੈ ਸਿਮਰਨ ਤੇ ਪਾ ਲੈ ਰੱਬ ਨੂੰ,
ਚੰਗੇ ਗੁਣਾਂ ਨਾਲ ਹੀ ਬੰਦਾ ਬਣਦਾ ਮਹਾਨ ਹੈ।



ਲੇਖਕ
ਗੁਰਪ੍ਰੀਤ ਪ੍ਰੀਤ ਹੈਪੀ ਸਹੋਤਾ
ਗੜ੍ਹਦੀਵਾਲਾ
98558 13187

## ਫਰਕ

ਕੋਈ ਝੂਠ ਦੀ ਛਾਇਆ ਢੂੰਡ ਰਿਹਾ,
ਕੋਈ ਸੱਚ ਲਈ ਤਵੀਆਂ ਸੜਦਾ ਹੈ।

ਕੋਈ ਹਾਰ ਕੇ ਕੁਰਸੀ ਮੱਲ ਬੈਠਾ,
ਕੋਈ ਜਿੱਤ ਕੇ ਜੇਲੀਂ ਸੜਦਾ ਹੈ।

ਕੋਈ ਜ਼ਾਲਮ ਦੇ ਤਲਵੇ ਚੱਟਦਾ ਹੈ,
ਕੋਈ ਸਿਰ ਆਰੇ ਥੱਲੇ ਧਰਦਾ ਹੈ।

ਕੋਈ ਨੀਵਾਂ ਸਿਰ ਕਰ ਜੀ ਲੈਂਦਾ,
ਕੋਈ ਹਿੱਕ ਤਾਣ ਕੇ ਖੜਦਾ ਹੈ।

ਕੋਈ ਮਾਫੀ ਮੰਗ ਕੇ ਆ ਜਾਂਦਾ,
ਕੋਈ ਹਸ ਕੇ ਫਾਂਸੀ ਚੜ੍ਹਦਾ ਹੈ।

ਕੋਈ ਲਾ ਰੰਗ ਲਾਲ ਸ਼ਹੀਦ ਬਣੇ,
ਕੋਈ ਚੁੱਪ ਚਾਪ ਕੌਮ ਲਈ ਮਰਦਾ ਹੈ।

ਕੋਈ ਅਕਾਲ ਤਖ਼ਤ ਨੂੰ ਦੇਖ ਸੜੇ,
ਕੋਈ ਅਕਾਲ ਤਖਤ ਲਈ ਜਿੰਦਾ ਜਲਦਾ ਹੈ।

ਕੋਈ ਬਿਪਰ ਵਾਦ ਤੇ ਮਾਣ ਕਰੇ,
ਕੋਈ ਸਿਜਦਾ ਪੰਥ ਨੂੰ ਕਰਦਾ ਹੈ।

ਕੋਈ ਪੂਛ ਘੁਮਾਵੇ ਸੱਤਾ ਨੂੰ,
ਕੋਈ ਨਵਾਬੀ ਜੁੱਤੀ ਧਰਦਾ ਹੈ।

ਕੋਈ ਮੈਂਬਰੀਆਂ ਤਾਈਂ ਵੱਡੀ ਮੰਨੇ,
ਭੱਕੂ ਮਾਜਰਾ ਰਾਜ ਖਾਲਸਾ ਲਈ ਲੜਦਾ ਹੈ।



ਲੇਖਕ
ਸ਼ਮਿੰਦਰ ਸਿੰਘ ਭੱਕੂ ਮਾਜਰਾ
ਜ਼ਿਲ੍ਹਾ ਰੂਪਨਗਰ
9417604947

## ਮਿੰਨੀ ਕਹਾਣੀ

## ਰੱਬ ਦੀ ਚਪੇੜ

ਜੀਤੀ ਦਾ ਵਿਆਹ ਇੱਕ ਸ਼ਹਿਰੀ ਅਮੀਰ ਘਰ ਵਿੱਚ ਹੋ ਗਿਆ ਦੇਖ ਸੁਣ ਕੇ ਲਿਆਂਦੀ ਗਈ ਪੜ੍ਹੀ ਲਿਖੀ ਨੂੰਹ ਨੂੰ ਘਰ ਵਿੱਚ ਆਉਂਦਿਆਂ ਹੀ ਅਨਪੜ ਗਵਾਰ ਪੇਂਡੂ ਹੋਣ ਦਾ ਦਰਜਾ ਮਿਲ ਗਿਆ। ਘਰਦਾ ਸਾਰਾ ਕੰਮ ਕਰਦੀ ਸਭ ਦਾ ਧਿਆਨ ਰੱਖਦੀ ਵਿਹਲੇ ਸਮੇਂ ਓਹ ਪੁਸਤਕਾਂ ਪੜ੍ਹਨ ਲੱਗ ਪੈਂਦੀ । ਸੋਹਰੇ ਨੂੰ ਛੱਡ ਕੇ ਸੱਸ ਦਿਓਰ ਦੋ ਨਾਣਾਨ ਨੂੰ ਬੁਰੀ ਲੱਗਣ ਲੱਗ ਗਈ ਘਰ ਵਾਲਾ ਵੀ ਮਾਂ ਅਤੇ ਭੈਣਾਂ ਦੇ ਆਖੇ ਲੱਗ ਕੇ ਉਸਨੂੰ ਬੁਰਾ ਭਲਾ ਕਹਿਣ ਲੱਗ ਪਿਆ। ਸਕੂਲਾਂ ਕਾਲਜਾਂ ਵਿੱਚ ਅਵਲ ਰਹਿਣ ਵਾਲੀ ਸਭ ਨੂੰ ਹਾਸੇ ਵੰਡਣ ਵਾਲੀ ਨੂੰ ਡੱਫਰ ਦਾ ਖਿਤਾਬ ਦਿੱਤਾ ਗਿਆ ਅਤੇ ਉਸਨੂੰ ਉਸਦੇ ਮਾਪਿਆਂ ਨੂੰ ਬੋਲ ਕਬੋਲ ਬੋਲਣ ਲੱਗ ਪਏ ।

ਜੀਤੀ ਨੇ ਹੁਣ ਸਬਰ ਦਾ ਘੁੱਟ ਭਰ ਲਿਆ ਤੇ ਰੱਬ ਦੀ ਰਜ਼ਾ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ ਕਿਉਂਕਿ ਉਹ ਜਿਸਦੇ ਭਰੋਸੇ ਆਪਣਾ ਪਰਿਵਾਰ ਆਪਣੀ ਦੁਨੀਆ ਛੱਡ ਕੇ ਆਈ ਸੀ। ਉਸ ਦਾ ਘਰ ਵਾਲਾ ਵੀ ਉਸ ਨੂੰ ਪਸੰਦ ਨਹੀਂ ਸੀ ਕਰਦਾ ਤੇ ਮਾਂ ਦੁਆਰਾ ਝੂਠੀਆਂ ਸੱਚੀਆਂ ਗੱਲਾਂ ਕਰਕੇ ਪੁੱਤਰ ਰੋਜ਼ ਜੀਤੀ ਨੂੰ ਕੁੱਟਦਾ ਜੀਤੀ ਬਹੁਤ ਸਾਲ ਇਸ ਤਰਹਾਂ ਹੀ ਸਹਿਣ ਕਰਦੀ ਰਹੀ ਫਿਰ ਜਦੋਂ ਜੀਤੀ ਦੀ ਨਨਾਣ ਦਾ ਵਿਆਹ ਹੋਇਆ ਤੇ ਉਸ ਨਾਲ ਵੀ ਆਹੀ ਕੁਝ ਹੋਣ ਲੱਗਾ ਜੋ ਜੀਤੀ ਨੇ ਜੀਤੀ ਨਾਲ ਉਸ ਦੇ ਸੋਹਰੇ ਕਰਦੇ ਸਨ ਇੱਕ ਦਿਨ ਜੀਤੀ ਦੀ ਨਨਾਣ ਆਪਣੇ ਪੇਕੇ ਆਈ ਸੀ ਤਾਂ ਗਲੀ ਵਿੱਚ ਇੱਕ ਮੰਗਣ ਵਾਲਾ ਬਾਬਾ ਜੋ ਕਿ ਹੱਥ ਵੀ ਦੇਖਦਾ ਸੀ ਉਸ ਨੂੰ ਖੈਰ ਪਾ ਕੇ ਆਪਣੀ ਧੀ ਦਾ ਹੱਥ ਬਾਬੇ ਨੂੰ ਦਿਖਾਉਣ ਲੱਗੀ ਤੇ ਕਹਿੰਦੀ ਬਾਬਾ ਜੀ ਮੇਰੀ ਧੀ ਆਪਣੇ ਸੋਹਰੇ ਬਹੁਤ ਦੁਖੀ ਹੈ ਇਸ ਦਾ ਘਰ ਵਾਲਾ ਇਸਦੀ ਨਹੀਂ ਸੁਣਦਾ ਸੱਸ ਸੋਹਰਾ ਤੇ ਬਾਕੀ ਪਰਿਵਾਰ ਵੀ ਇਸ ਨੂੰ ਤਸੀਹੇ ਦਿੰਦਾ ਹੈ ਅਖੇ ਬਾਬਾ ਜੀ ਘਰ ਵਾਲਾ ਬੱਸ ਵਿੱਚ ਕਰਨ ਲਈ ਕੋਈ ਧਾਗਾ ਬਣਾ ਦਿਓ ਰਸੋਈ ਵਿੱਚ ਖੜੀ ਜਿੱਤੀ ਸਭ ਸੁਣ ਰਹੀ ਸੀ ਅਤੇ ਮਨ ਹੀ ਮਨ ਸੋਚ ਰਹੀ ਸੀ ਕਿ ਜਦੋਂ ਰੱਬ ਚਪੇੜ ਮਾਰਦਾ ਹੈ ਤਾਂ ਉਸਦੀ ਆਵਾਜ਼ ਨਹੀਂ ਆਉਂਦੀ।



ਲੇਖਿਕਾ
ਦੀਕਸ਼ਾ ਮਹਾਜਨ
ਮੁਕੇਰੀਆਂ
8283904310

## ਮਨ ਸਮਝਾਉਣਾ ਸਿੱਖ

ਲਿਖਣਾ ਤੇ ਗਾਉਣਾ ਸਿੱਖ, ਸੁਰ ਕੋਈ ਸਜਾਉਣਾ ਸਿੱਖ
ਖਿਆਲ ਕੋਈ ਜੇ ਔੜਦਾ ਤੇ, ਕਾਗਜ਼ ਤੇ ਲਾਹੁਣਾ ਸਿੱਖ
ਸਿੱਖਦਾ ਜਾ ਸਿੱਖਦਾ ਜਾ, ਲਿਖਦਾ ਜਾ ਲਿਖਦਾ ਜਾ
ਗੁਣ ਦੀ ਕੋਈ ਗੱਲ ਕਰੇ, ਉਹਨੂੰ ਅਪਣਾਉਣਾ ਸਿੱਖ
ਪਿਆਰ ਦੀ ਪੜ੍ਹਾਈ ਪੜ੍ਹ, ਈਰਖਾ ਦੇ ਛੱਡ ਘਰ
ਮਨ ਨੂੰ ਲਗਾਮਾਂ ਪਾ ਲੈ, ਮਨ ਸਮਝਾਉਣਾ ਸਿੱਖ
ਦੁਨੀਆਂ ਦੀ ਚਾਲ ਟੇਢੀ, ਡੂੰਘੀ ਏ ਪਤਾਲ ਜੇਡੀ
ਛੱਡ ਗੱਲ ਦੁਨੀਆਂ ਦੀ, ਮਸਤੀ 'ਚ ਗਾਉਣਾ ਸਿੱਖ
ਖਿਆਲਾਂ ਵਿੱਚ ਡੁੱਬਦਾ ਜਾ, ਗਿਆਨ ਵਿੱਚ ਖੁੰਬ ਦਾ ਜਾ
ਰੱਬ ਰੱਬ ਰੱਬ ਰੱਬ, ਧੁਨੀ ਦਾ ਧਿਆਨ ਧਿਆਉਣਾ ਸਿੱਖ
ਜਿੰਦਰਾ ਜ਼ੁਬਾਨ ਲਾ ਲੈ, ਸੁਰਤੀ ਨੂੰ ਤੂੰ ਟਿਕਾ ਲੈ
ਤੂੰ ਹੀ ਤੂੰ ਹੈ ਤੂੰ ਹੀਂ ਤੂੰ ਹੈਂ, ਓਹਦੇ ਤਾਈਂ ਪਹੁੰਚਾਉਣਾ ਸਿੱਖ
ਨਗਾਰਾ ਵੀ ਵਜਾਉਣਾ ਸਿੱਖ, ਸ਼ਮਸ਼ੀਰ ਵੀ ਚਲਾਉਣਾ ਸਿੱਖ
ਗੁਰੂਘਰ ਜਾਇਆ ਕਰ, ਸੰਖ ਵੀ ਵਜਾਉਣਾ ਸਿੱਖ
ਦੂਜਿਆਂ ਨੂੰ ਢਾਹੁਣ ਵਾਲੀ, ਛੱਡ ਦੇ ਇਹ ਰੀਤ ਕਾਲੀ
ਬੋਦਲ਼ਾਂ ਦੇ ਸੁੱਖਵਿਦਰਾ ਤੂੰ, ਖੁੱਦ ਨੂੰ ਹੀ ਢਾਹਉਂਣਾ ਸਿੱਖ



ਸੁੱਖਵਿੰਦਰ ਬੋਦਲਾਂਵਾਲਾ
ਅਮਰੀਕਾ

ਲੇਖਕ
ਸੁਖਵਿੰਦਰ ਬੋਦਲ਼ਾਂਵਾਲਾ
ਵਾਸ਼ਿੰਗਟਨ ,
(ਯੂ. ਐਸ. ਏ.)

## ਮਹਿੰਗਾਈ ਦੀਆਂ ਅੰਬਰੀਂ ਉੱਡਾਰੀਆਂ

ਦਿਨੋ ਦਿਨ ਮਹਿੰਗਾਈ ਵਧੀ ਜਾਵੇ,
ਕੋਈ ਲੱਭੇ ਘਟਾਉਣ ਦਾ ਢੰਗ ਬਾਬਾ।
ਖੰਡ,ਘਿਓ,ਤੇਲ,ਗੁੜ ਹੋਏ ਮਹਿੰਗੇ,
ਭਾਅ ਸੁਣ ਰਹੀ ਦਾ ਦੰਗ ਬਾਬਾ।
ਸ਼ਾਮੀ ਹੋਰ, ਸ਼ੁਭਾ ਨੂੰ ਰੇਟ ਹੋਰ ਹੁੰਦੇ,
ਨਿੱਤ ਮਾਰੇ ਮਹਿੰਗਾਈ ਡੰਗ ਬਾਬਾ।
ਨੋਟ ਵੱਡੇ ,ਬਰਕਤ ਨਾ ਰਹੀ ਭੋਰਾ,
ਉੱਡਦੇ ਜਿਉਂ ਅਕਾਸ਼ੀ ਪਤੰਗ ਬਾਬਾ।
ਦਵਾਈ,ਪੜ੍ਹਾਈ ਦਾ ਰਿਹਾ ਨਾ ਮੁੱਲ ਕੋਈ,
ਕਰੀ ਜਾਂਦੀ ਹੈ ਸਾਨੂੰ ਮਲੰਗ ਬਾਬਾ।
ਆਮਦਨ ਘਟੀ ਜਾਂਦੀ , ਖਰਚੇ ਵਧੀ ਜਾਦੇ
ਲੜੀਏ ਨਾਲ ਭੁੱਖ ਦੇ ਜੰਗ ਬਾਬਾ।
ਕਿੱਦਾਂ ਹੋਵੇਗਾ ਮਸਲਾ ਹੱਲ ਦੱਸੋ,
ਕਿਵੇਂ ਖੁਸ਼ ਹੋਵੇ ਕਾਮਾਂ, ਤੰਗ ਬਾਬਾ।
ਜੂੰ ਸਰਕੇ ਨਾ ਸਰਕਾਰ ਦੇ ਕੰਨ ਉੱਤੇ,
ਬੈਠੀ ਮਸਤ ਜਿਓਂ ਪੀਤੀ ਭੰਗ ਬਾਬਾ।
ਕਿੰਨੇ ਦਿਨ ਗਜਰੇ ਨਾਲ ਖਹੂ 'ਪੱਤੋ',
ਟੁੱਟ ਜਾਣੀ ਹੈ ਕੱਚ ਦੀ ਵੰਗ ਬਾਬਾ।



ਲੇਖਕ
ਹਰਪ੍ਰੀਤ ਪੱਤੋ
ਜ਼ਿਲ੍ਹਾ ਮੋਗਾ
94658-21417



## ਆਪਣੀਆਂ ਕਹਾਣੀਆਂ , ਕਵਿਤਾਵਾਂ , ਗੀਤ ਅਤੇ ਰਚਨਾਵਾਂ ਨੂੰ ਛਪਵਾਉਣ ਲਈ ਸੰਪਰਕ ਕਰੋ।



E-mail : adbivirsat@gmail.Com

ਅਮਰਜੀਤ ਦਸੂਹਾ
ਪ੍ਰਬੰਧਕੀ ਸੰਪਾਦਕ

ਸੰਪਰਕ ਨੰਬਰ 89689 33711 , 98720 79212

ਭੁਪਿੰਦਰ ਸਿੰਘ ਰਾਜਾ
ਮੁੱਖ ਸੰਪਾਦਕ

# ਅਦਬੀ ਵਿਰਾਸਤ

ਸਥਾਪਨਾ ਦਸੂਹਾ । 1 ਜੂਨ 2026 , ਦਿਨ ਐਤਵਾਰ । ਨਾਨਕਸ਼ਾਹੀ ਸੰਮਤ 17 ਜੇਠ 558 । E-mail adbivirsat@gmail.Com । ਮੋਬਾਇਲ 89689 33711 , 98720 79212 ।

## ਜ਼ਿੰਦਗੀ ਵਾਲ਼ਾ ਭੇਤ

ਇੱਕ ਪਲ ਦੇ ਵਿੱਚ ਕੀ ਹੋ ਜਾਣਾ,
ਕੀ ਹੈ ਜ਼ਿੰਦਗੀ ਵਾਲ਼ਾ ਭੇਤ।
ਪਲ ਦੇ ਵਿੱਚ ਹੀ ਖੁੱਸ ਜਾਂਦੀ ਏ,
ਜ਼ਿੰਦਗੀ ਹੈ ਇੱਕ ਮੁੱਠੀ ਰੇਤ।
ਧੰਨ ਦੌਲਤ ਜੋ ਫਿਰੇਂ ਕਮਾਉਂਦਾ,
ਸਭ ਕੁਝ ਇਥੇ ਰਹਿ ਜਾਂਦਾ ਏ।
ਕਿੰਨੇ ਆਏ , ਕਿੰਨੇ ਚਲ ਗਏ,
ਨਾਲ਼ ਨਾ ਕੋਈ ਲੈ ਜਾਂਦਾ ਏ ।
ਪਾਪ ਦੀ ਕਰ ਕਮਾਈ ਆਖੇਂ,
ਆਹ ਵੀ ਮੇਰਾ , ਉਹ ਵੀ ਮੇਰਾ।
ਕੀ ਤੂੰ ਇੱਥੇ ਲੈਕੇ ਆਇਆ,
ਦੁਨੀਆਂ ਤੇ ਦੱਸ ਕੀ ਹੈ ਤੇਰਾ।
ਮੁੜਕੇ ਵਾਪਿਸ ਕਦੇ ਨਾ ਆਉਣਾ,
ਕੂਚ ਜਹਾਨੋਂ ਜਿਸ ਦਿਨ ਕਰਨਾ।
ਬੈਠੇ ਨਾ ' ਰਾਜੇ 'ਰਹਿਣਾ ਜਗ ਤੇ,
ਇੱਕ ਦਿਨ ਆਪਾਂ ਸਭ ਨੇ ਮਰਨਾ।
ਨੇਕ ਕਮਾਈ ਕਰਦੇ ਨੇ ਜੋ,
ਰੱਬ ਦਾ ਨਾਮ ਧਿਆਉਂਦੇ ਨੇ।
ਵਾਲ਼ ਵੀ ਵਿੰਗਾ ਕਦੇ ਨਾ ਹੁੰਦਾ,
ਦਰਗਾਹੀਂ ਥਾਂ ਉਹ ਪਾਉਂਦੇ ਨੇ।



ਲੇਖਕ
ਭੁਪਿੰਦਰ ਸਿੰਘ ਰਾਜਾ
ਗੜ੍ਹਦੀਵਾਲਾ
98720 79212

## ਚਿੱਟਾ ਖ਼ੂਨ

ਲਾਲ ਖ਼ੂਨ ਅੱਜ ਚਿੱਟਾ ਹੋ ਰਿਹਾ ਏ
ਚਿੱਟੇ ਵਾਲ਼ ਹੋਏ ਨੇ ਲਾਲ ਏਥੇ।
ਵਰ੍ਹਾ ਲੰਘਦਿਆਂ ਇਕੋ ਹੀ ਸਾਲ
ਲੱਗਦੈ ਲੰਘ ਗਏ ਨੇ ਸਾਲਾਂ ਦੇ ਸਾਲ
ਏਥੇ।
ਭਾਵੇਂ ਖ਼ੂਨ ਆਜ਼ਾਦੀ ਲਈ ਬੜਾ ਡੁੱਲਾ
ਮਾੜਾ ਅਜੇ ਵੀ ਬੰਦੇ ਦਾ ਹਾਲ ਏਥੇ।
ਬੰਦਾ ਬੰਦੇ ਦਾ ਦਾਰੂ ਐਵੇਂ ਆਖਦੇ ਨੇ
ਬੰਦਾ ਬਹਿੰਦਾ ਨਹੀਂ ਬੰਦੇ ਦੇ ਨਾਲ਼
ਏਥੇ।
ਐਵੇਂ ਨਾਂ ਪੰਜ ਆਬ ਈ ਰੱਖਿਆ ਸੂ
ਸੁੱਕੇ ਪਏ ਨੇ ਨਹਿਰਾਂ ਤੇ ਖਾਲ਼ ਏਥੇ।
ਭਲਾ ਘਰ ਨੂੰ ਘਰ ਮੈਂ ਕਿੰਜ ਆਖਾਂ
ਘਰ ਰਿਹਾ ਨਹੀਂ ਕਿਸੇ ਦਾ ਬਾਲ
ਏਥੇ।
ਆਓ ਉਨ੍ਹਾਂ ਦੀ ਜਰਾ ਪਛਾਣ ਕਰੀਏ
ਜਿੰਨ੍ਹਾਂ ਕਰਕੇ ਬੁਰਾ ਏ ਹਾਲ ਏਥੇ।
ਕਿਸੇ ਮਰਜ ਦਾ ਨਹੀਂ ਇਲਾਜ ਹੁੰਦਾ
ਤਾਹੀਓਂ ਹੁੰਦੀ ਏ ਨਿੱਤ ਹੜਤਾਲ ਏਥੇ।

ਘੁਟਾਲੇ ਉੱਤੇ ਘੁਟਾਲਾ ਹੈ ਹੋਈ ਜਾਂਦਾ
ਕਰਦਾ ਕੋਈ ਨਹੀਂ ਪੁੱਛ ਪੜਤਾਲ
ਏਥੇ।
ਅੰਨ੍ਹੀ ਪੀਸਦੀ ਚੱਟਦਾ ਪਿਆ ਕੁੱਤਾ
ਰੱਖਦਾ ਕੋਈ ਵੀ ਨਹੀਂ ਖਿਆਲ
ਏਥੇ।
ਸ਼ਰੇਆਮ ਇੱਜਤਾਂ ਨੂੰ ਹੱਥ ਪੈਂਦਾ,
ਗੱਲ ਕਰੇ ਕੋਈ ਕੀ ਮਜਾਲ ਏਥੇ।
ਬੇਲੋੜੇ ਮੁੱਦਿਆਂ ਦਾ ਮੀਡੀਆ
ਤੇ,ਆਇਆ ਰਹਿੰਦਾ ਈ ਨਿੱਤ ਭੂਚਾਲ
ਏਥੇ।
ਕੱਲ੍ਹ ਕਿੱਦਾਂ ਦਾ ਚੜ੍ਹੇਗਾ ਪਤਾ ਨਹੀਂਓਂ,
ਜਿਊਣਾ ਹੋਇਆ ਈ
ਅੱਜ ਮੁਹਾਲ ਏਥੇ।



ਲੇਖਕ
ਗੁਰਮੀਤ ਸਿੰਘ ਬਾਜਵਾ
ਕਲਾਨੌਰ( ਹਕੀਮਪੁਰ)
ਗੁਰਦਾਸਪੁਰ
88729111231

## ਅੱਜ ਛੱਡ ਜਾਣਾ ਬਾਬਲ ਦਾ ਦੇਸ

ਅੱਜ ਛੱਡ ਜਾਣਾ ਬਾਬਲ ਦਾ ਦੇਸ, ਅੱਥਰੂ ਵਗਾਵਣਾ ਨਹੀਂ।
ਜਾ ਮੱਲਣਾ ਪਿਆਰੇ ਦਾ ਦੇਸ, ਚਿੱਤ ਨੂੰ ਡੁਲਾਵਣਾ ਨਹੀਂ।
ਛੁੱਟ ਚੱਲੇ ਨੇ ਖਿਡੌਣੇ, ਛੁੱਟ ਗਈਆਂ ਨੇ ਸਹੇਲੀਆਂ।
ਛੁੱਟ ਜਾਣੀਆਂ ਨੇ ਖੇਡਾਂ, ਜਿਨ੍ਹਾਂ ਸੰਗ ਖੇਲੀਆਂ।
ਅੱਜ ਤੁਰ ਚੱਲੇ ਅਸੀਂ ਪ੍ਰਦੇਸ , ਗ਼ਮ ਤੁਸੀਂ ਖਾਵਣਾ ਨਹੀਂ।
ਅੱਜ ਛੱਡ ਜਾਣਾ......
ਮਿੱਠਾ ਮਾਪਿਆਂ ਦਾ ਦੇਸ , ਸਾਨੂੰ ਭੁੱਲਣਾ ਨਹੀਂ।
ਤੁਸੀਂ ਭਾਵੇਂ ਭੁੱਲ ਜਾਵੋ, ਮੈਨੂੰ ਭੁੱਲਣਾ ਨਹੀਂ।
ਕਿਤੇ ਪਾਉਂਦੇ ਰਹਿਣਾ ਫੇਰਾ ਸਾਡੇ ਦੇਸ , ਪਿਆਰ ਨੂੰ ਘਟਾਵਣਾ ਨਹੀਂ।
ਅੱਜ ਛੱਡ ਜਾਣਾ.....
ਅੱਜ ਬਾਬਲੇ ਦਾ ਦੇਸ ਹੈ ਪਰਾਇਆ ਹੋ ਗਿਆ।
ਘਰ ਆਪਣਾ ਹੀ ਅੱਜ ਤੋਂ, ਪਰਾਇਆ ਹੋ ਗਿਆ।
ਧੁਰੋਂ ਚੱਲੀ ਆਈ ਰੀਤ ਇਹ ਹਮੇਸ਼, ਨੈਣ ਛਲਕਾਵਣਾ ਨਹੀਂ।
ਅੱਜ ਛੱਡ ਜਾਣਾ...
ਕਿਤੇ ਜੰਮਣਾ ਤੇ ਕਿਹੜਾ , ਜਾ ਕੇ ਦੇਸ ਮੱਲਣਾ।
ਇਹ ਹੁਕਮ ਅਟੱਲ, ਸਿਰੋਂ ਨਹੀਂ ਟੱਲਣਾ।
ਰੱਬਾ ਹੋਵੇ ਮੇਰਾ ਸਾਂਈਂ ਦਰਵੇਸ਼ , ਹੋਰ ਕੁਝ ਚਾਹਵਣਾ ਨਹੀਂ।
ਅੱਜ ਛੱਡ ਜਾਣਾ...
ਹੱਥ ਜੋੜ ' ਸਹਿਜ ' ਪਿਆ ਤੈਨੂੰ ਹੀ ਧਿਆਂਵਦਾ।
ਦਰਦ ਵਿਛੋੜਿਆਂ ਦੇ ਗੀਤ ਪਿਆ ਗਾਂਵਦਾ।
ਤੇਰੀ ਮਹਿਮਾ ਗਾਉਂਦੇ ਵਿਸ਼ਨੂੰ ਮਹੇਸ਼ , ਦੂਰ ਸਾਥੋਂ ਜਾਵਣਾ ਨਹੀਂ।
ਅੱਜ ਛੱਡ ਜਾਣਾ ਬਾਬਲ ਦਾ ਦੇਸ, ਅੱਥਰੂ ਵਹਾਵਣਾ ਨਹੀਂ।



ਲੇਖਕ
ਡਾ. ਹਰਮਿੰਦਰ ਸਿੰਘ ਸਹਿਜ
ਹਰਿਆਣਾ (ਜ਼ਿਲ੍ਹਾ ਹੁਸ਼ਿਆਰਪੁਰ)
9781993037

## ਸਾਡਾ ਦਰਦ

ਪੰਜ ਪਾਂਜੇ ਨਾ ਪੂਰੇ ਹੋਏ ਸਾਰੀ ਉਮਰ ਕਮਾਉਂਦੇ ਮਰ ਗਏ।
ਮਖਮਲ ਪਾਉਣ ਦੀ ਹਸਰਤ ਲੈ ਕੇ ਖੱਦਰ ਰੋਜ਼ ਹੰਢਾਉਂਦੇ ਮਰ ਗਏ।।

ਆਪਣੀ ਕੁੱਲੀ, ਗੁੱਲੀ ਖਾਤਰ ਹਰ ਦਿਨ ਪਾਪੜ ਵੇਲੇ ਆਪਾਂ
ਕਿਸੇ ਬਿਰਖ ਦੀ ਛਾਂ ਦੇ ਥੱਲੇ ਮੁੜਕਾ ਰੋਜ਼ ਸੁਕਾਉਂਦੇ ਮਰ ਗਏ।।

ਵੱਖ ਵੱਖ ਚਿਹਰੇ ਲੈ ਕੇ ਹਰ ਥਾਂ ਅਸੀਂ ਹੁੰਦੇ ਹਾਂ ਨੀਹਾਂ ਅੰਦਰ
ਖੁਦ ਢਾਰਿਆਂ ਵਿੱਚ ਜੂਨ ਗੁਜ਼ਾਰੀ ਕੋਠੀਆਂ ਰੋਜ਼ ਬਣਾਉਂਦੇ ਮਰ ਗਏ।।

ਖ਼ੂਨ ਪਸੀਨਾ ਸਾਡਾ ਬਣ ਗਿਆ ਕਈਆਂ ਲਈ ਸਿਆਸੀ ਰੋਟੀ,
ਆਸਾਂ ਦੇ ਅਸੀਂ ਮਹਿਲ ਮੁਨਾਰੇ ਰੋਜ਼ ਬਣਾਉਂਦੇ-ਢਾਹੁੰਦੇ ਮਰ ਗਏ।।

ਖੁਸ਼ਹਾਲੀ ਦਾ ਸੁਫਨਾ ਲੈ ਕੇ ਠੱਗ ਵਣਜਾਰਿਆਂ ਪਿੱਛੇ ਤੁਰ ਪਏ,
ਭੁੱਖਾਂ, ਤੇਹਾਂ, ਤੰਗੀਆਂ ਝੱਲਦੇ ਅਣਮੁੱਕ ਵਾਟਾਂ ਗਾਹੁੰਦੇ ਮਰ ਗਏ।।

ਵਿਹੰਦੇ ਵਿਹੰਦੇ ਰਹਿਬਰ ਸਾਡੇ ਸਾਈਕਲ ਤੋਂ ਕਾਰਾਂ ਵਿੱਚ ਚੜ੍ਹ ਗਏ,
ਉਹ 'ਪਲਟ' ਕੇ ਰਾਜੇ ਹੋ ਗਏ ਆਪਾਂ ਯੁੱਗ ਪਲਟਾਉਂਦੇ ਮਰ ਗਏ।।

ਗਲਤ ਅਨਸਰਾਂ, ਸਧਰਾਂ ਸਾਡੀਆਂ ਖ਼ੂਨ ਅਸਾਡਾ ਵੇਚ ਖਾ ਲਿਆ,
ਉਹ 'ਕੁਰਸੀਆਂ' ਪਿੱਛੇ ਤੇ ਅਸੀਂ ਜ਼ਿੰਦਾਬਾਦ ਬੁਲਾਉਂਦੇ ਮਰ ਗਏ।।

ਜਗਦੀਸ਼ ਬਾਈ! ਗੱਲ ਉਹੋ ਸਮਝਦੇ ਜੋ ਸਮਝਣਾ ਚਾਹੁੰਦੇ ਹੋਵਣ,
ਯੁੱਗਾਂ ਯੁੱਗਾਂ ਤੋਂ ਮੱਝਾਂ ਮੂਹਰੇ ਲੋਕੀ ਬੀਨ ਵਜਾਉਂਦੇ ਮਰ ਗਏ।



ਲੇਖਕ
ਜਗਦੀਸ਼ ਬਹਾਦਰਪੁਰੀ
ਬਹਾਦਰਪੁਰ ਜ਼ਿਲ੍ਹਾ ਸੰਗਰੂਰ
9463985934

## ਗ਼ਜ਼ਲ

ਬਦਸੂਰਤ ਚਿਹਰਾ ਕਿਸੇ ਨਜ਼ਰ ਨੂੰ ਚੰਗੇਰਾ ਲੱਗੇਗਾ,
ਇਸ ਵਿਹੜੇ ਵੀ ਕਿਸੇ ਮਹਿਬੂਬ ਦਾ ਗੇੜਾ ਲੱਗੇਗਾ।

ਸਾਡੇ ਲਈ ਇਹ ਦੁਨੀਆ ਇੱਕੋ ਜਿਹੀ ਰਹਿਣੀ,
ਇੱਥੇ ਨਾ ਕੁਝ ਤੇਰਾ, ਨਾ ਕੁਝ ਮੇਰਾ ਲੱਗੇਗਾ।

ਇਹਨਾਂ ਪਿੱਪਲੀ ਦੇ ਪੱਤਿਆਂ ਨੇ ਝੜ ਹੀ ਜਾਣਾ,
ਵੇਖਣਾ ਤਾਂ ਇਹ ,ਇੱਥੇ ਕੌਣ ਸੁਨੇਹਰਾ ਲੱਗੇਗਾ।

ਮਹਿਕ ਤਾਂ ਆਉਂਦੀ-ਜਾਂਦੀ ਰਹਿੰਦੀ, ਫੁੱਲ ਦੀ
ਲੱਭਣ ਲਈ ,ਜਜ਼ਬਾਤਾਂ ਦੇ ਢੇਰ 'ਚੋਂ ਜੇਰਾ ਲੱਗੇਗਾ।

ਦੁਖੀ ਹੋਈਆਂ ਸਾਖਾਵਾਂ ਪੁੱਛਣ ਹਵਾਵਾਂ ਨੂੰ,
ਦੱਸੋ ਕਦੋਂ ਤੁਹਾਡਾ ਮੁੜ ਇੱਥੇ ਫੇਰਾਂ ਲੱਗੇਗਾ।

ਖੁੱਲੀ ਕਿਤਾਬ ਆਖ਼ਿਰ ਬੰਦ ਵੀ ਹੁੰਦੀ ਏ,
ਹਾਂਸ ਨੂੰ ਕੀ ਪਤਾ ਸੀ, ਜ਼ਖ਼ਮ ਕਿਹੜਾ ਲੱਗੇਗਾ।



ਲੇਖਕ
ਜਸਕਰਨ ਸਿੰਘ ਹਾਂਸ
90561 72808

## ਗ਼ਜ਼ਲ

ਨਫ਼ਰਤਾਂ ਦੇ ਝੁੰਡ ਵਿੱਚ ਉਹ ਸਭ ਘਿਰੇ
ਸਿਰ ਚੜ੍ਹਾਏ ਹਨ ਅਸੀਂ ਜੋ ਸਿਰਫਿਰੇ

ਚੋਣ ਵਾਅਦੇ ਕਰਦੀਆਂ ਜੋ ਸਭ ਧਿਰਾਂ
ਸਮਝਦੇ ਹੁਣ ਲੋਕ ਲਾਰੇ ਨੇ ਨਿਰੇ

ਸੁਣ ਰਹੇ ਹਾਂ ਮੁਲਕ ਮੱਲਾਂ ਮਾਰਦੈ
ਪਰ ਤਰੱਕੀ ਦੂਰ ਸਾਥੋਂ ਹੀ ਫਿਰੇ

ਦੁਸ਼ਮਣਾਂ ਦੇ ਤਾਂ ਖਿਲਾਰੇ ਪੈਣਗੇ
ਹੋ ਇਕੱਤਰ ਸਾਡੀਏ ਨੀ ਤੂੰ ਧਿਰੇ

ਭੁੱਖ ਹੋਵੇ ਕੁਤਰਦੀ ਜੇ ਆਂਦਰਾਂ
ਲੋਰੀਆਂ ਦੇ ਨਾਲ਼ ਬੱਚਾ ਨਾ ਵਿਰੇ

ਫੋਲ਼ਦੇ ਉਹ ਦਿਲ ਸਰ੍ਹਾਣੇ ਨਾਲ ਹੀ
ਅੱਖੀਆਂ ਚੋਂ ਦਰਦ ਬਿਰਹਣ ਦੇ ਕਿਰੇ

ਫਿਰਨ ਗੇ ਦਿਨ ਹੱਥ ਪੱਲਾ ਮਰਿਆਂ
ਸਿਰਫ ਅੱਲ੍ਹਾ ਆਸਰੇ ਕਦ ਦਿਨ ਫਿਰੇ



ਲੇਖਕ
ਹਰਮਿੰਦਰ ਸਿੰਘ ਕੋਹਾਰਵਾਲ਼ਾ
((98768-73735))

## ਜੇ ਇੱਕ ਰੱਖਣਾ ਦੇਸ਼

ਜੇ ਇਕ ਰੱਖਣਾ ਦੇਸ਼,
ਤਾਂ ਹਰ ਸ਼ਹਿਰੀ ਨਾਲ ਪਿਆਰ ਕਰੋ।
ਸੰਵਿਧਾਨ ਦਾ ਹੋਵੇ ਰਾਜ ਤੇ ਸਭਨਾਂ ਦਾ ਸਤਿਕਾਰ ਕਰੋ।

ਗੁਣਾਂ ਦੀ ਪਾਓ ਸਾਂਝ,
ਸੋਚ ਮਨੂ ਵਾਦੀ ਤਿਆਗ ਦਿਓ।
ਊਚੇ ਨੀਵੇਂ ਵਾਲੇ ਜਾਤੀ ਭੇਦ ਮਿਟਾ ਦੇਵੋ।

ਪਛੜੇ ਦਲਿਤਾਂ ਲਈ,
ਮੰਦਰਾਂ ਦੇ, ਖੋਲ ਕਿਬਾੜ ਦਿਓ।
ਸਮਝਕੇ ਭੈਣ ਤੇ ਭਾਈ, ਗਲ਼ ਦੇ ਨਾਲ ਲਗਾ ਲੇਵੋ।

ਜਦ ਰਾਮ ਤੇ ਅੱਲ੍ਹਾ ਇੱਕੋ,
ਤਾਂ ਫਿਰ ਝਗੜਾ ਕਿਉਂ ਹੋਵੇ?
ਹਰ ਮਸਜਿਦ ਦੇ ਥੱਲੇ ਮੰਦਰ ਲੱਭਣੇ ਬੰਦ ਕਰੋ।

ਰਾਜ ਦੀ ਸ਼ਹਿ ਤੇ,
ਮਸਜਿਦ ਉਤੇ ਭਗਵੇਂ ਝੰਡੇ ਕਿਉਂ?
ਮੰਦਿਰ ਉਤੇ ਚਾਹੋ ਤਾਂ ਅਣਗਿਣਤ ਲਗਾ ਲੇਵੋ।

ਪਾਕਿਸਤਾਨੀ ਖਾਲਿਸਤਾਨੀ ਕਹਿਣਾ,
ਹੈ ਸੌੜੀ ਸੋਚ ਦੀ ਗੱਲ।
ਗ਼ੱਦਾਰੀ ਦੇ ਝੂਠੇ, ਤਗ਼ਮੇ ਵੰਡਣੇ ਬੰਦ ਕਰੋ।

ਸਿੱਖ ਮੁਸਲਿਮ ਵੀ ਹਿੰਦੂਆਂ ਵਾਂਗੂ ਦੇਸ਼ ਦੇ ਗੌਰਵ ਹਨ।
ਭੱਕੂ ਮਾਜਰਾ ਅੱਤਵਾਦੀ ਰੰਗ ਰੰਗਣਾ ਬੰਦ ਕਰੋ।



ਲੇਖਕ
ਸ਼ਮਿੰਦਰ ਸਿੰਘ ਭੱਕੂ ਮਾਜਰਾ
ਜ਼ਿਲ੍ਹਾ ਰੂਪਨਗਰ
9417604947

## ਮੈਥੋਂ ਦੂਰ ਰਹੀਂ

ਉਦਾਸ ਹਾਂ,
ਤੈਨੂੰ ਉਦਾਸ ਕਰਨਾ ਨਹੀਂ ਚਾਹੁੰਦੀ।
ਇਸ ਲਈ ਮੈਥੋਂ ਦੂਰ ਰਹੀਂ।
ਜਿੰਦਗੀ ਨੇ ਹਰ ਮੋੜ ਤੇ,
ਦਿੱਤੇ ਧੋਖੇ , ਬਦਨਾਮੀ
ਇਸ ਲਈ......
ਮੈਥੋਂ ਦੂਰ ਰਹੀਂ

ਇਹ ਦੁੱਖਾਂ ਦਾ ਵਾਂ-ਵਰੋਲਾ,
ਤੇਰੇ ਤੇ ਨਾ ਹਾਵੀ ਹੋ ਜਾਵੇ।
ਤੂੰ ਵੀ ਕਿਤੇ ਉਦਾਸੀ ਦੇ,
ਪਰਛਾਵੇਂ ਹੇਠ ਨਾ ਆ ਜਾਵੇ।
ਇਸ ਲਈ.....
ਮੈਥੋਂ ਦੂਰ ਰਹੀਂ।

ਮੇਰੇ ਮਨ ਦੀਆਂ ਮੈਂ ਹੀ ਜਾਣਾ,
ਤੂੰ ਨਾ ਜਾਣੇਂ।
ਮੇਰੇ ਦੁੱਖਾਂ ਨੂੰ ਮੈਂ ਹੀ ਮਾਣਾ,
ਤੂੰ ਨਾ ਮਾਣੇ।
ਵਾਂਗ ਮੇਰੇ ਤੂੰ ਵੀ ਨਾ,
ਕਿਤੇ ਕੱਲੀ ਹੋ ਜਾਵੇ।
ਇਸ ਲਈ....
ਮੈਥੋਂ ਦੂਰ ਰਹੀਂ।



ਲੇਖਕਾ
ਮਨਦੀਪ ਕੌਰ
ਚੰਡੀਗੜ੍ਹ
9501004594

## ਪੈੜਾਂ ਦੇ ਨਿਸ਼ਾਨ

ਕੁੱਝ ਦੇਰ ਤੱਕ ਰਹਿੰਦੇ ਨੇ
ਪੈੜਾਂ ਦੇ ਨਿਸ਼ਾਨ ਰੇਤ ਉੱਪਰ
ਹਵਾ ਦੇ ਬੁੱਲੇ ਫ਼ਿਰ ਮਿਟਾ ਦਿੰਦੇ ਨੇ
ਇੱਕ ਨਵੀਂ ਪੈੜ ਦੀ ਉਡੀਕ ਵਿੱਚ
ਓਹ ਰੇਤ ਇੰਤਜ਼ਾਰ ਕਰਦੀ ਹੈ
ਕਿਸੇ ਦੇ ਆਉਣ ਦੀ
ਉਸ ਉੱਪਰ ਫਿਰ ਤੋਂ
ਨੰਨ੍ਹੇ ਨੰਨ੍ਹੇ ਪੈਰਾਂ ਦੇ ਨਿਸ਼ਾਨ
ਆਪਣੀ ਪੈੜ ਬਣਾਉਂਦੇ ਹਨ
ਪੈੜਾਂ ਮਿਟਦੀਆਂ ਨੇ
ਪੈੜਾਂ ਬਣਦੀਆਂ ਨੇ
ਸਦੀਆਂ ਤੋਂ
ਇਹ ਹੀ ਹੋ ਰਿਹਾ ਹੈ

ਇਹੀ ਹੋਵੇਗਾ
ਜਦੋਂ ਤੱਕ ਕੋਈ
ਆਪਣੀ ਪੈੜ
ਪਰਮਾਤਮਾ ਦੀ ਪੈੜ ਵਿੱਚ ਨਹੀਂ ਧਰਦਾ
ਜਿਉਂਦੇ ਜੀਅ ਨਹੀਂ ਮਰ ਦਾ
ਆਤਮਾ ਅਮਰ ਨਹੀਂ ਕਰਦਾ
ਇਸ ਸਰੀਰ ਤੋਂ
ਪੈੜਾਂ ਬਣਨਗੀਆਂ
ਪੈੜਾਂ ਮਿਟਣਗੀਆਂ
ਬੋਦਲਾਂ ਦੇ ਸੁੱਖਵਿੰਦਰਾ
ਇਸ ਸਰੀਰ ਤੋਂ
ਪੈੜਾਂ ਬਣਨਗੀਆਂ
ਪੈੜਾਂ ਮਿਟਣਗੀਆਂ




ਲੇਖਕ
ਸੁਖਵਿੰਦਰ ਬੋਦਲਾਂਵਾਲ਼ਾ
ਵਾਸ਼ਿੰਗਟਨ ( ਯੂ ਐਸ ਏ )
360-281-2624

ਆਪਣੀਆਂ ਕਹਾਣੀਆਂ , ਕਵਿਤਾਵਾਂ , ਗੀਤ ਅਤੇ ਰਚਨਾਵਾਂ ਨੂੰ ਛਪਵਾਉਣ ਲਈ ਸੰਪਰਕ ਕਰੋ।



ਅਮਰਜੀਤ ਦਸੂਹਾ
ਪ੍ਰਬੰਧਕੀ ਸੰਪਾਦਕ

E-mail : adbivirsat@gmail.Com

ਸੰਪਰਕ ਨੰਬਰ 89689 33711 , 98720 79212



ਭੁਪਿੰਦਰ ਸਿੰਘ ਰਾਜਾ
ਮੁੱਖ ਸੰਪਾਦਕ

# ਅਦਬੀ ਵਿਰਾਸਤ

ਸਥਾਪਨਾ ਦਸੂਹਾ । 1 ਜੂਨ 2026 , ਦਿਨ ਐਤਵਾਰ । ਨਾਨਕਸ਼ਾਹੀ ਸੰਮਤ 17 ਜੇਠ 558 । E-mail adbivirsat@gmail.Com । ਮੋਬਾਇਲ 89689 33711 , 98720 79212 ।


## ਦਰਦ ਦਾ ਸਰਮਾਇਆ

ਮੈਂ ਦਿਲ ਦੀ ਪੀੜ ਦਾ ਚਿਹਰਾ, ਦਿਖਾ ਵੀ ਨਹੀਂ ਸਕਦਾ,
ਹਾਲੇ ਦਿਲ ਕਿਸੇ ਨੂੰ, ਸੁਣਾ ਵੀ ਨਹੀਂ ਸਕਦਾ।
ਮੇਰੇ ਅੰਦਰ ਕੱਚ ਦੀ ਬਸਤੀ, ਇੱਥੇ ਪੱਥਰਾਂ ਦੀ ਬਾਰਿਸ਼ ਹੈ,
ਮੈਂ ਅਪਣਾ ਕੱਚ ਦਾ ਸ਼ੀਸ਼ਾ, ਬਚਾ ਵੀ ਨਹੀਂ ਸਕਦਾ।
ਮੁਹੱਬਤ ਦੀ ਜਿਹੜੀ ਸ਼ਮ੍ਹਾ, ਮੈਂ ਬਾਲੀ ਸੀ ਕਦੇ ਖ਼ੁਦ ਹੀ,
ਉਸੇ ਬਲਦੀ ਹੋਈ ਸ਼ਮ੍ਹਾ ਨੂੰ, ਬੁਝਾ ਵੀ ਨਹੀਂ ਸਕਦਾ।
ਮੇਰੇ ਹਿੱਸੇ ਦੇ ਸੂਰਜ ਨੇ, ਮੇਰੇ ਹੀ ਪਰ ਜਲਾ ਦਿੱਤੇ,
ਮੈਂ ਹੁਣ ਉਸ ਧੁੱਪ ਦਾ ਸਾਇਆ, ਹਟਾ ਵੀ ਨਹੀਂ ਸਕਦਾ।
ਲਿਖੀ ਹੈ ਵਕਤ ਨੇ ਜੋ, ਇਬਾਰਤ ਮੇਰੇ ਮੱਥੇ,
ਮੈਂ ਉਹ ਅੱਖਰ ਮੇਟ ਕੇ ਖ਼ੁਦ ਨੂੰ, ਜਿਤਾ ਵੀ ਨਹੀਂ ਸਕਦਾ।
ਮੈਂ ਐਸੇ ਮੋੜ 'ਤੇ ਖੜ੍ਹਾ, ਜਿੱਥੇ ਰਾਹ ਵੀ ਨੇ ਸਹਿਮੇ ਹੋਏ,
ਮੈਂ ਵਾਪਸ ਪਰਤ ਕੇ ਪਿੱਛੇ, ਤਾਂ ਜਾ ਵੀ ਨਹੀਂ ਸਕਦਾ।
ਮੇਰੀ ਅਣਖ਼ ਨੇ ਮੇਰੇ 'ਤੇ, ਲਾਈਆਂ ਐਸੀਆਂ ਰੋਕਾਂ,
ਕਿਸੇ ਦੇ ਸਾਹਮਣੇ ਕਾਸਾ, ਮੈਂ ਫੈਲਾ ਵੀ ਨਹੀਂ ਸਕਦਾ।
ਮੇਰੇ ਅੰਦਰ ਦੇ ਸਾਗਰ ਵਿੱਚ, ਮਚੀ ਹਲਚਲ ਜੋ ਹਰਦਮ ਹੈ,
ਮੈਂ ਸ਼ੋਰ ਕਰਦੀਆਂ ਲਹਿਰਾਂ ਨੂੰ, ਦਬਾਅ ਵੀ ਨਹੀਂ ਸਕਦਾ।
ਮਿਲੇ ਜੋ ਜ਼ਖ਼ਮ ਨੇ ਮੈਨੂੰ, ਮੇਰਾ ਹੀ ਨੇ ਸਰਮਾਇਆ,
ਮੈਂ ਅਪਣੀ ਪੀੜ ਦਾ ਰੁਤਬਾ, ਘਟਾ ਵੀ ਨਹੀਂ ਸਕਦਾ'
ਇਹ 'ਖਿੱਚੀ' ਦਾ ਹੀ ਜੇਰਾ ਹੈ, ਜੋ ਪੈਰੀਂ ਛਾਲੇ ਰੱਖਦ·
ਮੈਂ ਮੰਜ਼ਿਲ ਦੇ ਬਿਨਾਂ ਇੱਕ ਪਲ, ਬਿਤਾ ਵੀ ਨਹੀਂ ਸਕਦਾ।




ਲੇਖਕ
ਪ੍ਰੋ. ਪਵਨ ਖਿੱਚੀ
ਜ਼ਿਲ੍ਹਾ ਸੰਗਰੂਰ
9478160786


## ਖ਼ਲਾਅ

ਉਖੜੇ ਪੈੜ ਜਿੰਦਗੀ ਦੇ ਦੇਖ ਰਿਹਾ ਹਾਂ,
ਤਿੜਕੇ ਸ਼ੀਸ਼ੇ ਵਿਚ ਕਿਰਦਾਰ ਦੇਖ ਰਿਹਾ ਹਾਂ,
ਧੁੱਪ ਬਿਨਾਂ ਤਪਸ਼ ਤੇ ਬੱਦਲ ਬਿਨਾਂ ਬਿਜਲੀ,
ਮੌਸਮ ਦੇ ਅਜ਼ਬ ਇਸ਼ਾਰੇ ਦੇਖ ਰਿਹਾ ਹਾਂ,
ਮੈਂ ਰੱਬ ਦਾ ਪੱਥਰ ਆਪ ਤਰਾਸ਼ਿਆ ਸੀ ,
ਹੁਣ ਬੰਜ਼ਰ ਹੋਈ ਜ਼ਮੀਰ ਦੇਖ ਰਿਹਾ ਹਾਂ,
ਦੋ ਪਰਛਾਵੇ ਇਕ ਬੰਦੇ ਦੇ ਦਿਸਦੇ ਨੇ,
ਬੰਦੇ ਨੇ ਬੰਦਾ ਖਾਂਦਾ ਦੇਖ ਰਿਹਾ ਹਾਂ,
ਮੇਰੇ ਕੱਖ ਡੁੱਬ ਗਏ ਵਿੱਚ ਪਾਣੀ ਦੇ,
ਪੱਥਰ ਤੇਰੇ ਤਰਦੇ ਮੈਂ ਦੇਖ ਰਿਹਾ ਹਾਂ,
ਰਾਤ ਪਰਛਾਵੇਂ ਦਿਨੇ ਘੁੱਪ ਹਨੇਰਾ ਹੈ,
ਪਾਣੀ ਨਾਲ ਤ੍ਰੇਹ ਲੜਦੇ ਦੇਖ ਰਿਹਾ ਹਾਂ,
ਉੱਚੇ ਹੋ ਰਹੇ ਮਹਿਲ ਮਕਾਨ ਪਿੰਡਾਂ ਦੇ,
ਮਰੇ ਹੋਏ ਕਿਰਦਾਰ ਮੈਂ ਦੇਖ ਰਿਹਾ ਹਾਂ,
ਜ਼ਾਲਮ ਰੱਤ ਪੋਹੀ ਉਬਾਲੇ ਮਾਰ ਰਹੀ,
ਮਜ਼ਲੂਮ ਢਿੱਡੀ ਅੱਗ ਮੈਂ ਦੇਖ ਰਿਹਾ ਹਾਂ,
ਲੋਕ ਸੋਣੋਂ ਮੁਨਕਰ ਡਰਦੇ ਸੁਪਨਿਆਂ ਤੋਂ,
ਸੁੰਨੀਆਂ ਅੱਖੀ ਹੰਝੂ ਦੇਖ ਰਿਹਾ ਹਾਂ,
"ਅਮਰ" ਖਾਹਿਸ਼ਾਂ ਦੇ ਬੂਟੇ ਪਾਲ ਰਿਹਾ ਹੈ,
ਹੁਸੀਨ ਰੁੱਤਾਂ ਉਡੀਕਦਾ ਦੇਖ ਰਿਹਾ ਹਾਂ ,




ਲੇਖਕ
ਅਮਰਜੀਤ ਦਸੂਹਾ
ਜ਼ਿਲ੍ਹਾ ਹੁਸ਼ਿਆਰਪੁਰ
8968933711


## ਪਿਆਰ ਦਾ ਨਿੱਘ

ਪਿਆਰ ਦਾ ਨਿੱਘ ਹੈ ਮਗਰ
ਦਿਲ ਸਰਦ ਜਿਹਾ ਰਹਿੰਦਾ ਹੈ
ਕੋਲ ਤੇਰੇ ਆ ਕੇ ਵੀ
ਇੱਕ ਦਰਦ ਜਿਹਾ ਰਹਿੰਦਾ ਹੈ

ਭਰਦੇ ਹਰ ਇਕ ਜ਼ਖ਼ਮ ਮੇਰਾ
ਮੇਟ ਦੇ ਹਰ ਲੀਕ ਨੂੰ
ਸੂਹਾ ਕਰਦੇ ਇਸ਼ਕ ਨੂੰ
ਜੋ ਜ਼ਰਦ ਜਿਹਾ ਰਹਿੰਦਾ ਹੈ

ਵੇਖਾਂ ਕੀਕਣ ਹੁਸਨ ਤੇਰਾ
ਛੁਹ ਲਵਾਂ ਕਿੰਝ ਬੁੱਤ ਨੂੰ
ਅੱਖਾਂ ਵਿੱਚ ਔਕਾਤ ਦਾ
ਇੱਕ ਗ਼ਰਦ ਜਿਹਾ ਰਹਿੰਦਾ ਹੈ

ਮਨ ਦਾ ਹਰ ਅਹਿਸਾਸ
ਤੇਰੇ ਸਾਹਵੇਂ ਡਰ ਕੇ ਲੁਕ ਜਵੇ
ਕੱਲਾ ਹੋਵੇ ਤਾਂ ਬਹੁਤ
ਬੇਪਰਦ ਜਿਹਾ ਰਹਿੰਦਾ ਹੈ

ਆਪਣੇ ਅੰਦਰੋਂ ਜਗਾ ਕੇ
ਅਰਧ ਨਾਰੀ ਰੂਪ ਨੂੰ
ਅੱਧੀ ਰਾਤੇ ਕੱਲਾ ਬਣਿਆ
ਮਰਦ ਜਿਹਾ ਰਹਿੰਦਾ ਹੈ




ਲੇਖਕ
ਵਿਜੇ ਭੱਟੀ
ਗੜ੍ਹਸ਼ੰਕਰ
98 155 61821



ਸਾਡਾ ਸਾਹਿਤ ਸਾਡੀ ਸ਼ਾਨ, ਸਾਡਾ ਵਿਰਸਾ ਸਾਡੀ ਪਹਿਚਾਣ।

ਅਦਬੀ ਵਿਰਾਸਤ

ਹਫਤਾਵਰੀ ਮੈਗਜ਼ੀਨ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ


ਅਦਾਰਾ 'ਅਦਬੀ ਵਿਰਾਸਤ ਮੈਗਜ਼ੀਨ' ਦੇ ਵਿੱਚ ਆਪਣੀਆਂ ਬਹੁ ਕੀਮਤੀ ਅਤੇ ਅਣਮੁੱਲੀਆਂ ਰਚਨਾਵਾਂ ਭੇਜਣ ਲਈ ਆਪ ਸਭ ਦੇ ਤਹਿ ਦਿਲੋਂ ਧੰਨਵਾਦੀ ਹਾਂ।

ਆਪਣੀਆਂ ਰਚਨਾਵਾਂ ਭੇਜਣ ਵਾਸਤੇ ਹੇਠਾਂ ਦਿੱਤੀ ਈਮੇਲ ਅਤੇ ਵਟਸਐੱਪ ਨੰਬਰਾਂ ਤੇ ਸੰਪਰਕ ਕਰੋ ਜੀ।



ਆਪਣੀਆਂ ਕਹਾਣੀਆਂ , ਕਵਿਤਾਵਾਂ , ਗੀਤ ਅਤੇ ਰਚਨਾਵਾਂ ਨੂੰ ਛਪਵਾਉਣ ਲਈ ਸੰਪਰਕ ਕਰੋ।




ਅਮਰਜੀਤ ਦਸੂਹਾ
ਪ੍ਰਬੰਧਕੀ ਸੰਪਾਦਕ

E-mail : adbivirsat@gmail.Com

ਸੰਪਰਕ ਨੰਬਰ 89689 33711 , 98720 79212

ਭੁਪਿੰਦਰ ਸਿੰਘ ਰਾਜਾ
ਮੁੱਖ ਸੰਪਾਦਕ

ਪੰਜਾਬੀ ਸਾਹਿਤ, ਸਭਿਆਦਾਰ ਅਤੇ ਸਮਾਜ ਲਈ ਸਮਰਪਿਤ ਪੇਬ੍ਰਖ

# ਅਦਬੀ ਵਿਰਾਸਤ

ਸਾਹਿਤ ਸਾਡੀ ਵਿਰਾਸਤ... ਕਲਮ ਸਾਡੀ ਪਹਿਚਾਣ

ਸਥਾਪਨਾ ਦਸੂਹਾ | 1 ਜੂਨ 2026 , ਦਿਨ ਐਤਵਾਰ | ਨਾਨਕਸ਼ਾਹੀ ਸੰਮਤ 17 ਜੇਠ 558 | E-mail adbivirsat@gmail.Com | ਮੋਬਾਇਲ 89689 33711 , 98720 79212 |

## ਅਦਬੀ ਵਿਰਾਸਤ

ਪਲੇਠਾ ਐਡੀਸ਼ਨ
31 ਮਈ 2026 ਦਿਨ ਐਤਵਾਰ

{ਇੱਕ ਸਾਹਿਤਕ ਪਰਵਾਜ਼ – ਕਲਮ ਅਤੇ ਚਿੰਤਨ ਦਾ ਔਨਲਾਈਨ ਰਸਾਲਾ}

ਅਦਬੀ ਵਿਰਾਸਤ ਸਾਹਿਤ, ਸਭਿਆਚਾਰ ਅਤੇ ਚਿੰਤਨ ਨੂੰ ਸਮਰਪਿਤ ਇੱਕ ਔਨਲਾਈਨ ਮੰਚ ਹੈ। ਇਸ ਦਾ ਮਕਸਦ ਪੰਜਾਬੀ ਭਾਸ਼ਾ, ਸਾਹਿਤ ਅਤੇ ਲੋਕ-ਵਿਰਾਸਤ ਦੀਆਂ ਅਮੀਰ ਪਰੰਪਰਾਵਾਂ ਨੂੰ ਸੰਭਾਲਣਾ, ਪ੍ਰਫੁੱਲਤ ਕਰਨਾ ਅਤੇ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਹੈ। ਇਹ ਰਸਾਲਾ ਸਿਰਜਣਾਤਮਕ ਲੇਖਨ, ਕਵਿਤਾ, ਕਹਾਣੀ, ਲੇਖ, ਸਮੀਖਿਆ, ਖੋਜ-ਨਿਬੰਧ, ਇੰਟਰਵਿਊ ਅਤੇ ਸਮਕਾਲੀ ਮੁੱਦਿਆਂ ਉੱਤੇ ਗੰਭੀਰ ਚਰਚਾ ਲਈ ਇੱਕ ਖੁੱਲ੍ਹਾ ਮੰਚ ਪ੍ਰਦਾਨ ਕਰਦਾ ਹੈ। ਅਸੀਂ ਸਥਾਪਿਤ ਅਤੇ ਨਵੇਂ ਲੇਖਕਾਂ ਦੀਆਂ ਰਚਨਾਵਾਂ ਨੂੰ ਬਰਾਬਰ ਦਾ ਸਤਿਕਾਰ ਦਿੰਦਿਆਂ ਸਾਹਿਤਕ ਸੰਵਾਦ ਨੂੰ ਮਜ਼ਬੂਤ ਬਣਾਉਣ ਲਈ ਵਚਨਬੱਧ ਹਾਂ। "ਅਦਬੀ ਵਿਰਾਸਤ" ਸਿਰਫ਼ ਇੱਕ ਰਸਾਲਾ ਨਹੀਂ, ਸਗੋਂ ਵਿਚਾਰਾਂ, ਸੰਵੇਦਨਾਵਾਂ ਅਤੇ ਸਿਰਜਣਾ ਦੀ ਇੱਕ ਅਜਿਹੀ ਪਰਵਾਜ਼ ਹੈ ਜੋ ਅਦਬ ਦੀ ਵਿਰਾਸਤ ਨੂੰ ਭਵਿੱਖ ਨਾਲ ਜੋੜਦੀ ਹੈ।

**ਸਾਡਾ ਮੰਤਵ:**
*"ਅਦਬ ਦੀ ਵਿਰਾਸਤ, ਵਿਚਾਰਾਂ ਦੀ ਪਰਵਾਜ਼"*
ਵੱਲੋਂ
{ *ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ* }



ਆਪਣੀਆਂ ਕਹਾਣੀਆਂ , ਕਵਿਤਾਵਾਂ , ਗੀਤ ਅਤੇ ਰਚਨਾਵਾਂ ਨੂੰ ਛਪਵਾਉਣ ਲਈ ਸੰਪਰਕ ਕਰੋ।



ਅਮਰਜੀਤ ਦਸੂਹਾ
ਪ੍ਰਬੰਧਕੀ ਸੰਪਾਦਕ

E-mail : adbivirsat@gmail.Com

ਸੰਪਰਕ ਨੰਬਰ 89689 33711 , 98720 79212

ਭੁਪਿੰਦਰ ਸਿੰਘ ਰਾਜਾ
ਮੁੱਖ ਸੰਪਾਦਕ